ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 2 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੧੯ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਲੁਧਿਆਣਾ ਲੋਕ ਸਭਾ ਸੀਟ ’ਤੇ ਵਧੀ ਦਾਅਵੇਦਾਰੀ

# ਸਿੱਖ ਉਮੀਦਵਾਰਾਂ ਨੂੰ ਟਿਕਟਾਂ ਨਹੀਂ ਦੇਣਾ ਚਾਹੁੰਦੀ ਭਾਜਪਾ

**ਜਲੰਧਰ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਦਾ ਐਲਾਨ ਹੁਣ ਕਿਸੇ ਵੀ ਸਮੇਂ ਹੋ ਸਕਦਾ ਹੈ ਅਤੇ ਕੇਂਦਰ ਵਿਚ ਨਵੀਂ ਸਰਕਾਰ ਲਈ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਇਸ ਸਭ ਦੇ ਵਿਚਾਲੇ ਚੋਣ ਮੈਦਾਨ ਵਿਚ ਉਤਰਨ ਦੇ ਇੱਛੁਕ ਲੋਕਾਂ ਵਲੋਂ ਭੱਜ-ਦੌੜ ਵੀ ਤੇਜ਼ ਕਰ ਦਿੱਤੀ ਗਈ ਹੈ। ਆਪੋ-ਆਪਣੀ ਲੋਕ ਸਭਾ ਸੀਟ ’ਤੇ ਸਾਰੀਆਂ ਸਿਆਸੀ ਪਾਰਟੀਆਂ ਯੋਗ ਉਮੀਦਵਾਰ ਦੀ ਭਾਲ ’ਚ ਜੁਟ ਗਈਆਂ ਹਨ। ਕਿਤੇ ਸਰਵੇ ਚੱਲ ਰਿਹਾ ਹੈ ਤਾਂ ਕੋਈ ਆਪਣੇ ਨੇਤਾਵਾਂ ਤੋਂ ਲੋਕ ਸਭਾ ਸੀਟਾਂ ’ਤੇ ਸੰਭਾਵਤ ਉਮੀਦਵਾਰਾਂ ਸਬੰਧੀ ਰਾਏ ਲੈ ਰਿਹਾ ਹੈ। ਪੰਜਾਬ ’ਚ ਵੀ ਲੋਕ ਸਭਾ ਚੋਣਾਂ ਲਈ ਕਾਂਗਰਸ, ਭਾਜਪਾ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪਾਰਟੀਆਂ ਕੋਸ਼ਿਸ਼ਾਂ ਵਿਚ ਜੁਟ ਗਈਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਤੇ ਕਿਹੜੀ ਪਾਰਟੀ ਕਿਸ ਉਮੀਦਵਾਰ ਨੂੰ ਮੈਦਾਨ ਵਿਚ ਉਤਾਰੇਗੀ, ਇਹ ਅਜੇ ਸਪਸ਼ਟ ਨਹੀਂ ਹੋਇਆ ਪਰ ਸਾਰੀਆਂ ਪਾਰਟੀਆਂ ਨੇ ਉਮੀਦਵਾਰਾਂ ਦੀਆਂ ਸੂਚੀਆਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਪ੍ਰਮੁੱਖ ਸ਼ਹਿਰ ਹਨ, ਜਿੱਥੇ ਪਾਰਟੀਆਂ ਡੂੰਘੇ ਮੰਥਨ ਵਿਚ ਲੱਗੀਆਂ ਹੋਈਆਂ ਹਨ। ਭਾਜਪਾ ਵਲੋਂ ਇਸ ਦੇ ਲਈ ਵਿਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਲੁਧਿਆਣਾ ਤੋਂ ਭਾਜਪਾ 4 ਤੋਂ 5 ਪ੍ਰਮੁੱਖ ਉਮੀਦਵਾਰਾਂ ਦੇ ਨਾਵਾਂ ਦੀ ਚਰਚਾ ਕਰ ਰਹੀ ਹੈ। ਲੁਧਿਆਣਾ ਤੋਂ ਇਸ ਵੇਲੇ ਪ੍ਰਵੀਨ ਬਾਂਸਲ, ਜੀਵਨ ਗੁਪਤਾ, ਗੁਰਦੇਵ ਸ਼ਰਮਾ ਦੇਬੀ ਤੇ ਵਿਕਰਮ ਸਿੱਧੂ ਦਾ ਨਾਂ ਚਰਚਾ ਵਿਚ ਹੈ ਪਰ ਜਿਸ ਤਰ੍ਹਾਂ ਲੁਧਿਆਣਾ ਲੋਕ ਸਭਾ ਸੀਟ ਦਾ ਮਾਹੌਲ ਹੈ ਤਾਂ ਸੰਭਵ ਤੌਰ ’ਤੇ ਇਹ ਟਿਕਟ ਕਿਸੇ ਹਿੰਦੂ ਉਮੀਦਵਾਰ ਦੀ ਝੋਲੀ ਵਿਚ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਲੁਧਿਆਣਾ ਲੋਕ ਸਭਾ ਸੀਟ ’ਤੇ ਕੁਲ 9 ਵਿਧਾਨ ਸਭਾ ਸੀਟਾਂ ਹਨ, ਜਿਨ੍ਹਾਂ ਵਿਚੋਂ ਲੁਧਿਆਣਾ ਈਸਟ, ਵੈਸਟ, ਨਾਰਥ, ਸਾਊਥ, ਸੈਂਟਰਲ ਅਤੇ ਆਤਮ ਨਗਰ ਵਿਧਾਨ ਸਭਾ ਸੀਟਾਂ ਪੂਰੀ ਤਰ੍ਹਾਂ ਸ਼ਹਿਰੀ ਇਲਾਕਿਆਂ ਵਿਚ ਪੈਂਦੀਆਂ ਹਨ ਅਤੇ ਇਨ੍ਹਾਂ ਨੂੰ ਹਿੰਦੂ ਬਹੁਗਿਣਤੀ ਇਲਾਕਾ ਕਿਹਾ ਜਾਂਦਾ ਹੈ, ਜਦੋਂਕਿ ਇੱਥੋਂ ਦੀ ਜਗਰਾਓਂ ਸੀਟ 50 ਫ਼ੀਸਦੀ ਹਿੰਦੂ ਆਬਾਦੀ ਵਾਲੀ ਸੀਟ ਹੈ। ਬਾਕੀ ਬਚੀਆਂ 2 ਸੀਟਾਂ ਜਿਨ੍ਹਾਂ ਵਿਚ ਗਿੱਲ ਤੇ ਦਾਖਾ ਸੀਟਾਂ ਸ਼ਾਮਲ ਹਨ, ਵਿਚ ਵੀ ਕਾਫ਼ੀ ਇਲਾਕਾ ਸ਼ਹਿਰੀ ਵੋਟਰਾਂ ਦਾ ਹੈ। ਅਜਿਹੀ ਸਥਿਤੀ ’ਚ ਭਾਜਪਾ ਇਥੋਂ ਸਿੱਖ ਉਮੀਦਵਾਰਾਂ ਨੂੰ ਟਿਕਟਾਂ ਦੇਣ ਤੋਂ ਕੰਨੀਂ ਕਤਰਾ ਰਹੀ ਹੈ।



## ਕੇਜਰੀਵਾਲ ਦੀ ਪੰਜਾਬ ਫੇਰੀ ਤੈਅ ਕਰੇਗੀ ਉਮੀਦਵਾਰਾਂ ਦੇ ਨਾਂਅ ?

**ਚੰਡੀਗੜ੍ਹ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੋ ਦਿਨਾਂ ਪੰਜਾਬ ਦੌਰੇ ’ਤੇ ਜਾ ਰਹੇ ਹਨ। ਸੀਐਮ ਭਗਵੰਤ ਮਾਨ ਵੀ ਉਨ੍ਹਾਂ ਦੇ ਨਾਲ ਹੋਣਗੇ। ਕਿਆਸਰਾਈਆਂ ਨੇ ਕਿ ਉਨ੍ਹਾਂ ਦਾ ਸਮਾਂ ਲੋਕ ਸਭਾ ਚੋਣਾਂ ’ਤੇ ਕੇਂਦਰਿਤ ਰਹੇਗਾ। ਪੰਜਾਬ ਵਿੱਚ ਉਦਘਾਟਨ ਦੇ ਨਾਲ ਹੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੀ ਪੰਜਾਬ ਵਿੱਚ ਲੋਕ ਸਭਾ ਉਮੀਦਵਾਰਾਂ ਬਾਰੇ ਗੱਲਬਾਤ ਕਰਨ ਜਾ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਅਰਵਿੰਦ ਕੇਜਰੀਵਾਲ ਅਤੇ ਸੀਐਮ ਭਗਵੰਤ ਮਾਨ ਸ਼ਨੀਵਾਰ ਅਤੇ ਐਤਵਾਰ ਨੂੰ ਪੰਜਾਬ ਵਿੱਚ ਹੋਣਗੇ। ਅਰਵਿੰਦ ਕੇਜਰੀਵਾਲ ਸ਼ਨੀਵਾਰ ਨੂੰ ਜਲੰਧਰ ਪਹੁੰਚ ਰਹੇ ਹਨ। ਇੱਥੇ ਉਹ ਪੰਜਾਬ ਦੇ 150 ਮੁਹੱਲਾ ਕਲੀਨਿਕ ਪੰਜਾਬ ਨੂੰ ਸੌਂਪਣਗੇ। ਇਸ ਦੌਰਾਨ ਵਿਸ਼ਾਲ ਰੈਲੀ ਵੀ ਕੀਤੀ ਜਾ ਰਹੀ ਹੈ। ਜਿਸ ਵਿੱਚ ਮੁੱਖ ਤੌਰ ਉੱਤੇ ਵਿਰੋਧੀ ਇਨ੍ਹਾਂ ਲੀਡਰਾਂ ਦੇ ਨਿਸ਼ਾਨੇ ਉੱਤੇ ਰਹਿਣਗੇ। ਜ਼ਿਕਰ ਕਰ ਦਈਏ ਕਿ ਬੀਤੇ ਦਿਨੀਂ ਪਠਾਨਕੋਟ ਅਤੇ ਹੁਸ਼ਿਆਰਪੁਰ ’ਚ ਆਯੋਜਿਤ ਕਾਰੋਬਾਰੀਆਂ ਨਾਲ ਮੀਟਿੰਗ ਪ੍ਰੋਗਰਾਮ ’ਚ ਸੀਐੱਮ ਭਗਵੰਤ ਮਾਨ ਇਕੱਲੇ ਹੀ ਪਹੁੰਚੇ ਸਨ ਅਤੇ ਕਾਰੋਬਾਰੀਆਂ ਨਾਲ ਮੁਲਾਕਾਤ ਕੀਤੀ ਸੀ। ਇਸ ਦੌਰਾਨ ਸੀਐਮ ਭਗਵੰਤ ਮਾਨ ਨੂੰ ਕਾਰੋਬਾਰੀਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਹੁਣ ਐਤਵਾਰ ਨੂੰ ਕਾਰੋਬਾਰੀਆਂ ਨਾਲ ਮੀਟਿੰਗ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਹੋਣ ਜਾ ਰਿਹਾ ਹੈ। ਅਜਿਹੇ ’ਚ ਅਰਵਿੰਦ ਕੇਜਰੀਵਾਲ ਵੀ ਇਸ ਦਾ ਹਿੱਸਾ ਹੋਣਗੇ। ਇਸੇ ਤਰ੍ਹਾਂ ਪੰਜਾਬ ਵਿੱਚ 150 ਨਵੇਂ ਬਣੇ ਮੁਹੱਲਾ ਕਲੀਨਿਕਾਂ ਦਾ ਉਦਘਾਟਨ ਕੀਤਾ ਜਾਵੇਗਾ। ਦੱਸ ਦਈਏ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਾਲੇ INDIA ਤਹਿਤ ਹੋਇਆ ਸਮਝੌਤਾ ਪੰਜਾਬ ਵਿੱਚ ਸਿਰੇ ਨਹੀਂ ਚੜ੍ਹਿਆ ਹੈ ਜਿਸ ਤੋਂ ਬਾਅਦ ਦੋਵਾਂ ਧਿਰਾਂ ਨੇ ਆਪਣੇ ‘ਬਲ-ਬੂਤੇ’ ਉੱਤੇ ਚੋਣਾਂ ਲੜਣ ਦੀ ਐਲਾਨ ਕੀਤਾ ਹੋਇਆ ਹੈ ਇਸ ਲਈ ਹੁਣ ਉਮੀਦਵਾਰਾਂ ਦੇ ਨਾਵਾਂ ਉੱਤੇ ਮੰਥਨ ਹੋ ਰਿਹਾ ਹੈ ਤੇ ਆਉਣ ਵਾਲੇ ਹਫਤੇ ਵਿੱਚ ਉਮੀਦ ਜਤਾਈ ਜਾ ਰਹੀ ਹੈ ਕਿ ਪਾਰਟੀ ਕੁਝ ਚਿਹਰਿਆਂ ਦਾ ਐਲਾਨ ਕਰ ਸਕਦੀ ਹੈ।






## ਪੰਜਾਬ ਵਿਧਾਨ ਸਭਾ ਦੀ ਕਾਰਵਾਈ ਸੋਮਵਾਰ ਤੱਕ ਲਈ ਮੁਲਤਵੀ



**ਚੰਡੀਗੜ੍ਹ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੀ ਕਾਰਵਾਈ ਸੋਮਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਹੈ। ਦੁਪਹਿਰ ਦੋ ਵਜੇ ਦੋਬਾਰਾ ਸ਼ੁਰੂ ਹੋਈ ਵਿਧਾਨ ਸਭਾ ਦੀ ਕਾਰਵਾਈ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਸਪੀਕਰ ਵਲੋਂ ਸੋਮਵਾਰ ਤਕ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਸਵੇਰੇ ਸ਼ੁਰੂ ਹੋਈ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਕਾਂਗਰਸੀ ਵਿਧਾਇਕਾਂ ਵਲੋਂ ਜ਼ੋਰਦਾਰ ਹੰਗਾਮਾ ਕੀਤਾ ਗਿਆ। ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੁੰਦਿਆਂ ਜਿਵੇਂ ਹੀ ਰਾਜਪਾਲ ਨੇ ਆਪਣਾ ਭਾਸ਼ਣ ਪੜ੍ਹਨਾ ਸ਼ੁਰੂ ਕੀਤਾ ਤਾਂ ਕਾਂਗਰਸੀ ਵਿਧਾਇਕਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ ਤਿੱਖੀ ਨਾਅਰੇਬਾਜ਼ੀ ਕੀਤੀ। ਕਾਂਗਰਸੀ ਵਿਧਾਇਕਾਂ ਨੇ ਕਿਸਾਨਾਂ ਦੇ ਮਸਲੇ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ। ਇਸ ’ਤੇ ਗਵਰਨਰ ਨੇ ਭਾਸ਼ਣ ਪੂਰਾ ਨਾ ਪੜ੍ਹਦੇ ਹੋਏ ਵਿਚਾਲੇ ਹੀ ਛੱਡ ਦਿੱਤਾ। ਹਾਲਾਂਕਿ ਰਾਜਪਾਲ ਨੇ ਕਿਹਾ ਕਿ ਸਾਰਿਆਂ ਨੂੰ ਗੱਲ ਰੱਖਣ ਦਾ ਮੌਕਾ ਮਿਲੇਗਾ। ਭਾਸ਼ਣ ਦੀ ਕਾਰਵਾਈ ਵਿਚਾਲੇ ਛੱਡਦਿਆਂ ਰਾਜਪਾਲ ਨੇ ਕਿਹਾ ਕਿ ਉਨ੍ਹਾਂ ਦੇ ਭਾਸ਼ਣ ਨੂੰ ਮੁਕੰਮਲ ਹੀ ਸਮਝਿਆ ਜਾਵੇ।

## ਸਰਕਾਰ ਦਾ ਧਿਆਨ ਚੋਣਾਂ ’ਤੇ ਹੈ, ਕਿਸਾਨਾਂ ਦੀਆਂ ਮੰਗਾਂ ’ਤੇ ਨਹੀਂ : ਕਿਸਾਨ ਆਗੂ ਪੰਧੇਰ

**ਚੰਡੀਗੜ੍ਹ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ’ਤੇ ਧਿਆਨ ਨਹੀਂ ਦੇ ਰਹੀ ਹੈ, ਕਿਉਂਕਿ ਉਸ ਦਾ ਪੂਰਾ ਧਿਆਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ’ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਦੇਣੀ ਚਾਹੀਦੀ ਅਤੇ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ।” ਪੰਧੇਰ ਨੇ ਕਿਹਾ, ’’ਕਿਸਾਨਾਂ ’ਤੇ ਧਿਆਨ ਦੇਣ ਦੀ ਬਜਾਏ, ਉਨ੍ਹਾਂ ਦਾ ਧਿਆਨ ਇਸ ਗੱਲ ’ਤੇ ਹੈ ਕਿ ਚੋਣਾਂ ਕਿਵੇਂ ਜਿੱਤੀਆਂ ਜਾਣ।” ਉਨ੍ਹਾਂ ਨੇ ਇਹ ਵੀ ਕਿਹਾ ਕਿ ਮੰਗਾਂ ਪੂਰੀਆਂ ਹੋਣ ਤੱਕ ਕਿਸਾਨਾਂ ਦਾ ਅੰਦੋਲਨ ਜਾਰੀ ਰਹੇਗਾ। ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ (ਕੇ.ਐੱਮ.ਐੱਮ.) ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਖੇਤੀ ਕਰਜ਼ ਮੁਆਫ਼ੀ ਸਮੇਤ ਆਪਣੀਆਂ ਹੋਰ ਮੰਗਾਂ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਦਬਾਅ ਬਣਾਉਣ ਲਈ ’ਦਿੱਲੀ ਚਲੋ’ ਮਾਰਚ ਦੀ ਅਗਵਾਈ ਕਰ ਰਹੇ ਹਨ। ਪੰਧੇਰ ਨੇ ਦੱਸਿਆ ਕਿ ਕਿਸਾਨ ਆਗੂ ਆਪਸ ’ਚ ਚਰਚਾ ਕਰਨ ਤੋਂ ਬਾਅਦ ਭਵਿੱਖ ਦੀ ਰਣਨੀਤੀ ’ਤੇ ਫ਼ੈਸਲਾ ਕਰਨਗੇ। ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ ’ਤੇ 21 ਫਰਵਰੀ ਨੂੰ ਹੋਈ ਝੜਪ ਦੌਰਾਨ 21 ਸਾਲਾ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਸੀ ਅਤੇ ਲਗਭਗ 12 ਪੁਲਸ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ, ਜਿਸ ਤੋਂ ਬਾਅਦ ’ਦਿੱਲੀ ਚਲੋ’ ਮਾਰਚ ਨੂੰ 2 ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ। 2 ਦਿਨ ਬਾਅਦ, ਕਿਸਾਨ ਆਗੂਆਂ ਨੇ ਪ੍ਰਦਰਸ਼ਨਕਾਰੀ 29 ਫਰਵਰੀ ਤੱਕ ਹਰਿਆਣਾ-ਪੰਜਾਬ ਦੀ ਖਨੌਰੀ ਅਤੇ ਸ਼ੰਭੂ ਸਰਹੱਦ ’ਤੇ ਡੇਰਾ ਲਾਈ ਰੱਖਣਗੇ। ਵੀਰਵਾਰ ਨੂੰ ਭਵਿੱਖ ਦੀ ਰਣਨੀਤੀ ’ਤੇ ਫ਼ੈਸਲਾ ਲੈਣ ਦੀ ਗੱਲ ਕੀਤੀ ਗਈ ਸੀ, ਹਾਲਾਂਕਿ ਕਿਸਾਨ ਜੱਥੇਬੰਦੀਆਂ ਨੇ ਅਜੇ ਤੱਕ ਕੋਈ ਐਲਾਨ ਨਹੀਂ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਕਿਸਾਨ ਸਵਾਮੀਨਾਥਨ ਕਮਿਸ਼ ਦੀਆਂ ਸਿਫ਼ਾਰਿਸ਼ਾਂ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਬਿਜਲੀ ਦਰਾਂ ’ਚ ਕੋਈ ਵਾਧਾ ਨਹੀਂ ਕਰਨ, ਪੁਲਸ ’ਚ ਦਰਜ ਮਾਮਲਿਆਂ ਨੂੰ ਵਾਪਸ ਲੈਣ, 2021 ਦੀ ਲਖੀਮਪੁਰ ਖੀਰੀ ਹਿੰਸਾ ਦੇ ਪੀੜਤਾਂ ਲਈ ਨਿਆਂ, ਜ਼ਮੀਨ ਐਕਵਾਇਰ ਐਕਟ 2013 ਨੂੰ ਬਹਾਲ ਕਰਨ ਅਤੇ 2020-21 ਦੇ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਵੀ ਮੰਗ ਕਰ ਰਹੇ ਹਨ।



## ਮੁੱਖ ਮੰਤਰੀ ਮਾਨ ’ਤੇ ਅਕਾਲੀ ਦਲ ਇੱਕ ਹੋਰ ਮੁਕੱਦਮਾ ਠੋਕਣ ਦੀ ਤਿਆਰੀ ’ਚ

### ਸੁਖ ਵਿਲਾਸ ਮਾਮਲੇ ’ਤੇ ਬਿਨਾ ਸ਼ਰਤ ਮੁਆਫ਼ੀ ਮੰਗਣ ਲਈ ਕਿਹਾ

**ਚੰਡੀਗੜ੍ਹ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੁਣੌਤੀ ਦਿੱਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਲਗਾਏ ਦੋਸ਼ਾਂ ਲਈ ਮੁਆਫੀ ਮੰਗਣ ਜਾਂ ਫਿਰ ਇਹ ਝੂਠੇ ਦੋਸ਼ਾਂ ਲਈ ਮਾਣਹਾਨੀ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸੁਖ ਵਿਲਾਸ ਹੋਟਲ ਨੂੰ ਝੂਠੇ ਦੋਸ਼ ਸਿਰਫ ਤੇ ਸਿਰਫ ਹਰਿਆਣਾ ਪੁਲਿਸ ਵੱਲੋਂ ਗੋਲੀ ਮਾਰ ਕੇ ਸ਼ਹੀਦ ਕੀਤੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੇ ਮਾਮਲੇ ਵਿਚ ਗਲਤ ਦਰਜ ਕੀਤੀ ਗਈ ਜ਼ੀਰੋ ਐਫ ਆਈ ਆਰ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਵਾਸਤੇ ਲਗਾਏ ਗਏ ਹਨ। ਅਕਾਲੀ ਦਲ ਦੇ ਬੁਲਾਰੇ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹਾ ਪਹਿਲੀ ਵਾਰ ਨਹੀਂ ਹੈ ਕਿ ਮੁੱਖ ਮੰਤਰੀ ਨੇ ਲੋਕਾਂ ਦਾ ਧਿਆਨ ਪਾਸੇ ਕਰਨ ਵਾਸਤੇ ਅਜਿਹੀ ਤਰਕੀਬ ਖੇਡੀ ਹੋਵੇ। ਉਹਨਾਂ ਕਿਹਾ ਕਿ ਪਹਿਲਾਂ ਭਗਵੰਤ ਮਾਨ ਨੇ ਜਦੋਂ ਇਹ ਦੋਸ਼ ਲਗਾਏ ਸਨ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਕ ਖਿਡਾਰੀ ਤੋਂ 2 ਕਰੋੜ ਰੁਪਏ ਰਿਸ਼ਵਤ ਮੰਗੀ ਸੀ ਤਾਂ ਉਦੋਂ ਵੀ ਅਜਿਹੀ ਹੀ ਹਰਕਤ ਕੀਤੀ ਸੀ। ਉਹਨਾਂ ਕਿਹਾ ਕਿ ਪਹਿਲਾਂ ਮੁੱਖ ਮੰਤਰੀ ਨੇ ਝੂਠਾ ਦਾਅਵਾ ਕੀਤਾ ਸੀ ਕਿ ਗੈਂਗਸਟਰ ਗੋਲਡੀ ਬਰਾੜ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਇਹ ਵੀ ਦਾਅਵਾ ਕੀਤਾ ਸੀ ਕਿ ਬੀ ਐਮ ਡਬਲਿਊ ਕੰਪਨੀ ਪੰਜਾਬ ਵਿਚ ਪਲਾਂਟ ਲਗਾਵੇਗੀ। ਉਹਨਾਂ ਕਿਹਾ ਕਿ ਅਜਿਹੇ ਸਾਰੇ ਝੂਠੇ ਦਾਅਵੇ ਕਰਨ ਦਾ ਮਕਸਦ ਲੋਕਾਂ ਦਾ ਸੂਬੇ ਦੇ ਭਖਵੇਂ ਮੁੱਦਿਆਂ ਤੋਂ ਧਿਆਨ ਪਾਸੇ ਕਰਨਾ ਹੈ। ਅਕਾਲੀ ਦਲ ਦੇ ਬੁਲਾਰੇ ਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਉਹ ਦੱਸਣ ਕਿ ਉਹ ਬੇਵੱਸ ਕਿਉਂ ਹਨ ਤੇ ਉਹਨਾਂ ਨੇ ਲਗਾਏ ਦੋਸ਼ਾਂ ਦੇ ਮਾਮਲੇ ਵਿਚ ਕੇਸ ਦਰਜ ਕਰਨ ਦੇ ਹੁਕਮ ਕਿਉਂ ਨਹੀਂ ਦਿੱਤੇ ? ਉਹਨਾਂ ਕਿਹਾ ਕਿ ਵਿਜੀਲੈਂਸ ਵਿਭਾਗ ਵੀ ਮੁੱਖ ਮੰਤਰੀ ਦੇ ਅਧੀਨ ਹੈ। ਉਹਨਾਂ ਕਿਹਾ ਕਿ ਦੋ ਸਾਲਾਂ ਤੋਂ ਉਹਨਾਂ ਕੇਸ ਦਰਜ ਕਰਨ ਦੇ ਹੁਕਮ ਕਿਉਂ ਨਹੀਂ ਦਿੱਤੇ ? ਐਡਵੋਕੇਟ ਕਲੇਰ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਜਾਂ ਤਾਂ ਉਹ ਤੁਰੰਤ ਕੇਸ ਦਰਜ ਕਰਨ ਜਾਂ ਫਿਰ ਅਦਾਲਤ ਵਿਚ ਆਪਣੇ ਝੂਠਾਂ ਦਾ ਜਵਾਬ ਦੇਣ ਲਈ ਤਿਆਰ ਰਹਿਣ। ਉਹਨਾਂ ਕਿਹਾ ਕਿ ਕੇਸ ਦੇ ਅਸਲ ਤੱਥਾਂ ਸਮੇਤ ਭਲਕੇ ਪੂਰਾ ਵਿਸਥਾਰਿਤ ਜਵਾਬ ਵੱਖਰੇ ਤੌਰ ’ਤੇ ਦਿੱਤਾ ਜਾਵੇਗਾ।



## ‘ਆਪ’ ਆਗੂ ਗੋਪੀ ਚੋਹਲਾ ਦੇ ਕਤਲ ਕਾਂਡ ਵਿਚ ਐੱਸ. ਐੱਸ. ਪੀ. ਦਾ ਵੱਡਾ ਖ਼ੁਲਾਸਾ

**ਤਰਨਤਾਰਨ , 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਨਜ਼ਦੀਕੀ ਗੋਪੀ ਚੋਹਲਾ ਦਾ ਸ਼ੁੱਕਰਵਾਰ ਸਵੇਰੇ ਅਣਪਛਾਤਿਆਂ ਨੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ। ਵਾਰਦਾਤ ਤੋਂ ਬਾਅਦ ਘਟਨਾ ਸਥਾਨ ’ਤੇ ਪਹੁੰਚੇ ਐੱਸ. ਐੱਸ. ਪੀ ਅਸ਼ਵਨੀ ਕਪੂਰ ਨੇ ਖ਼ੁਲਾਸਾ ਕਰਦਿਆਂ ਦੱਸਿਆ ਕਿ ਵਾਰਦਾਤ ਸਵੇਰੇ ਸਵਾ 9 ਵਜੇ ਦੇ ਕਰੀਬ ਵਾਪਰੀ ਹੈ। ਇਸ ਵਿਚ ਤਿੰਨ ਨੌਜਵਾਨ ਸ਼ਾਮਲ ਸਨ। ਜੋ ਗੁਰਪ੍ਰੀਤ ਸਿੰਘ ਉਰਫ ਗੋਪੀ ਚੋਹਲਾ ਦਾ ਸਿਵਫਟ ਕਾਰ ਵਿਚ ਪਿੱਛਾ ਕਰਦੇ ਆ ਰਹੇ ਸਨ। ਜਿਵੇਂ ਹੀ ਫਾਟਕ ’ਤੇ ਗੋਪੀ ਚੋਹਲਾ ਦੀ ਕਾਰ ਰੁਕੀ ਤਾਂ ਕਾਤਲਾਂ ਨੇ ਗੋਪੀ ’ਤੇ ਤਾਬੜਤੋੜ ਗੋਲ਼ੀਆਂ ਚਲਾ ਦਿੱਤੀਆਂ। ਵਾਰਦਾਤ ਵਿਚ ਗੋਪੀ ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਕਾਤਲ ਤੇਜ਼ੀ ਨਾਲ ਮੌਕੇ ਤੋਂ ਫਰਾਰ ਹੋ ਗਏ। ਐੱਸ. ਐੱਸ. ਪੀ. ਨੇ ਦੱਸਿਆ ਕਿ ਇਸ ਕਤਲ ਕਾਂਡ ਵਿਚ ਪੁਲਸ ਕਈ ਥਿਊਰੀਆਂ ’ਤੇ ਕੰਮ ਕਰ ਰਹੀ ਹੈ। ਇਹ ਮਾਮਲੇ ਨੂੰ ਆਪਸੀ ਰੰਜਿਸ਼ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਮੁਤਾਬਕ ਕਾਤਲਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਨਾਕਾਬੰਦੀ ਕੀਤੀ ਗਈ ਹੈ। ਮ੍ਰਿਤਕ ਨੌਜਵਾਨ ਦੇ ਦਿਨ ਦਿਹਾੜੇ ਕੀਤੇ ਗਏ ਕਤਲ ਤੋਂ ਬਾਅਦ ਇਲਾਕੇ ਵਿਚ ਸਨਸਨੀ ਫੈਲ ਗਈ ਹੈ। ਮ੍ਰਿਤਕ ਗੋਪੀ ਚੋਹਲਾ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਬੇਹੱਦ ਕਰੀਬੀ ਸੀ। ਦੱਸਿਆ ਜਾ ਰਿਹਾ ਹੈ ਕਿ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨਿਵਾਸੀ ਚੋਹਲਾ ਸਾਹਿਬ ਜੋ ਅੱਜ ਸਵੇਰੇ ਆਪਣੀ ਕਾਰ ’ਤੇ ਸਵਾਰ ਹੋ ਕਸਬਾ ਚੋਹਲਾ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਲਈ ਰਵਾਨਾ ਹੋਇਆ ਸੀ। ਇਸ ਦੌਰਾਨ ਜਦੋਂ ਗੁਰਪ੍ਰੀਤ ਸਿੰਘ ਦੀ ਕਾਰ ਫਤਿਹਾਬਾਦ ਰੇਲਵੇ ਫਾਟਕ ਦੇ ਨਜ਼ਦੀਕ ਪਹੁੰਚੀ ਤਾਂ ਫਾਟਕ ਬੰਦ ਸੀ। ਇਸ ’ਤੇ ਸਵਿਫਟ ਕਾਰ ਵਿਚ ਸਵਾਰ ਹਮਲਾਵਰ ਉਸ ਦਾ ਪਹਿਲਾਂ ਤੋਂ ਹੀ ਪਿੱਛਾ ਕਰ ਰਹੇ ਸਨ। ਜਿਨਾਂ ਵੱਲੋਂ ਗੁਰਪ੍ਰੀਤ ਸਿੰਘ ’ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਹਮਲੇ ਦੌਰਾਨ ਗੁਰਪ੍ਰੀਤ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ।






ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਆਵਾਜ਼ਿ ਕੌਮ AWAZE QAUM
International Newspaper & WEB TV

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

# ਅੰਤਿਮ ਅਰਦਾਸ




ਆਵਾਜ਼ਿ ਕੌਮ AWAZE QAUM International Newspaper & WEB TV

ਆਪਜੀ ਨੂੰ ਸਤਿਕਾਰ ਸਹਿਤ ਸੂਚਿਤ ਕੀਤਾ ਜਾਂਦਾ ਹੈ ਸਾਡੇ ਬਹੁਤ ਹੀ ਸਤਿਕਾਰਯੋਗ ਮਾਤਾ ਨਿਰੰਜਣ ਕੌਰ ਜੀ ਧਰਮ ਸੁਪਤਨੀ ਸਵਰਗਵਾਸੀ ਸਰਦਾਰ ਸਾਧੂ ਸਿੰਘ ਨਿੱਝਰ ਪਿੰਡ ਨਿੱਝਰਾਂ ਨੇੜੇ ਕਾਲਾ ਸੰਘਿਆ ਜਿਲਾ ਜਲੰਧਰ ਜੋ ਪਿਛਲੇ ਦਿਨੀ 26 ਫਰਵਰੀ 2024 ਨੂੰ ਵਾਹਿਗੁਰੂ ਵੱਲੋਂ ਬਖਸ਼ੇ ਸਵਾਸਾਂ ਨੂੰ ਸੰਪੂਰਨ ਕਰਕੇ ਇਸ ਫਾਨੀ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ ਸਨ ਉਨਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਕਲਗੀਧਰ ਸਾਹਿਬ ਨਿੱਝਰਾਂ ਜਿਲਾ ਜਲੰਧਰ ਵਿਖੇ 6 ਮਾਰਚ ਨੂੰ ਦੁਪਹਿਰ 1 ਵਜ਼ੇ ਹੋਵੇਗੀ, ਜਿਸ ਵਿੱਚ ਪੰਥਕ ਸ਼ਖਸ਼ੀਅਤਾਂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ

## --✶ ਬੇਨਤੀ ਕਰਤਾ ✶--

**ਭਾਈ ਪਰਗਟ ਸਿੰਘ ਨਿੱਝਰ ਜਰਮਨੀ**

ਰਿਬੈਰੋ ਕਾਂਡ,ਬੀਬੀ ਹਰਪ੍ਰੀਤ ਕੌਰ (ਸਪੁੱਤਰ-ਨੂੰਹ)

ਭਾਈ ਸੁਰਜੀਤ ਸਿੰਘ ਨਿੱਝਰ, ਬੀਬੀ ਕੁਲਵੀਰ ਕੌਰ (ਸਪੁੱਤਰ-ਨੂੰਹ)

ਬੀਬੀ ਬਲਬੀਰ ਕੌਰ,ਭਾਈ ਜਸਬੀਰ ਸਿੰਘ ਬਾਹੀਆ (ਧੀ-ਜਵਾਈ)

**ਸਮੂੰਹ ਨਿੱਝਰ ਪਰਿਵਾਰ**
**ਅਤੇ ਪੰਥਕ ਜਥੇਬੰਦੀਆਂ**

ਸੰਪਰਕ ਨੰਬਰ 9041300028,
9356060960

# ਸ਼ਹੀਦ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ





**ਬਠਿੰਡਾ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਪੂਰੀਆਂ ਕਰਾਉਣ ਲਈ ਹਰਿਆਣਾ ਦੇ ਬਾਰਡਰਾਂ ਤੇ ਚੱਲ ਰਹੇ ਸੰਘਰਸ਼ ਦੌਰਾਨ ਖਨੌਰੀ ਬਾਰਡਰ ਤੇ 21 ਫਰਵਰੀ ਨੂੰ ਭਾਜਪਾ ਦੀਆਂ ਜਾਬਰ ਹਕੂਮਤੀ ਕੇਂਦਰ ਅਤੇ ਹਰਿਆਣਾ ਸਰਕਾਰਾਂ ਦੀਆਂ ਹਦਾਇਤਾਂ ਤੇ ਪੁਲਿਸ ਵੱਲੋਂ ਕਿਸਾਨਾਂ ਤੇ ਚਲਾਈਆਂ ਸਿੱਧੀਆਂ ਗੋਲੀਆਂ ਦੇ ਹਮਲੇ ਦਾ ਸ਼ਿਕਾਰ ਹੋਏ ਸ਼ਹੀਦ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਵਾਸੀ ਬੱਲੋ ਦੇ ਅੱਜ ਫੁੱਲਾਂ ਦੀ ਰਸਮ ਮੌਕੇ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ,ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂ ਕੇ , ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਅਤੇ ਸਮੁੱਚੀ ਜ਼ਿਲੇ ਦੀ ਪਹੁੰਚੀ ਟੀਮ ਵੱਲੋਂ ਇਸ ਵਾਪਰੀ ਅਤੀ ਦੁੱਖਦਾਇਕ ਘਟਨਾ ਪ੍ਰਤੀ ਉਨਾਂ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਜਾਹਿਰ ਕੀਤੀ। 3 ਮਾਰਚ ਐਤਵਾਰ ਨੂੰ ਸ਼ਹੀਦ ਸ਼ੁਭਕਰਨ ਸਿੰਘ ਦੇ ਸ਼ਰਧਾਂਜਲੀ ਸਮਾਗਮ ਮੌਕੇ ਸੂਬਾ ਪ੍ਰਧਾਨ ਨੇ ਸਮੂਹ ਕਿਸਾਨਾਂ, ਨੌਜਵਾਨਾਂ, ਔਰਤਾਂ ,ਮਜ਼ਦੂਰਾਂ ਅਤੇ ਇਨਸਾਫਪਸੰਦ ਕਿਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਢੇ ਦਸ ਵਜੇ ਪਿੰਡ ਬੱਲੋ ਦੀ ਦਾਣਾ ਮੰਡੀ ਵਿੱਚ ਹੋ ਰਹੇ ਸ਼ਰਧਾਂਜਲੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਉਹਨਾਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਕੇ ਲਾਗੂ ਕੀਤੀਆਂ ਜਾਣ ਕਿਸਾਨਾਂ ਤੇ ਗੋਲੀਆਂ ਚਲਾਉਣ ਵਾਲੇ ਅਤੇ ਕਿਸਾਨਾਂ ਦੇ ਟਰੈਕਟਰ ਅਤੇ ਹੋਰ ਸਮਾਨ ਤੋੜਨ ਵਾਲੇ ਅਧਿਕਾਰੀਆਂ ਖਿਲਾਫ ਨਾਵਾਂ ਸਮੇਤ ਪਰਚੇ ਦਰਜ ਕੀਤੇ ਜਾਣ, ਭੰਨੇ ਹੋਏ ਟਰੈਕਟਰਾਂ ਤੇ ਹੋਰ ਸਮਾਨ ਦੇ ਨੁਕਸਾਨ ਦੀ ਭਰਭਾਈ ਕੀਤੀ ਜਾਵੇ। ਕਿਸਾਨ ਆਗੂਆਂ ਨੇ ਪੰਜਾਬ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਹੀਦ ਦੇ ਪਰਿਵਾਰ ਨੂੰ ਐਲਾਨੀ ਸਹਾਇਤਾ ਲਈ ਕੀਤੇ ਵਾਅਦੇ ਅਨੁਸਾਰ ਮੁਆਵਜਾ ਤੁਰੰਤ ਦੇ ਕੇ ਉਹਨਾਂ ਦੇ ਜਖਮਾਂ ਤੇ ਮਲ੍ਹਮ ਲਾਉਣ ਚ ਕੀਤੀ ਜਾ ਰਹੀ ਦੇਰੀ ਦੀ ਸਖ਼ਤ ਨਿੰਦਾ ਕੀਤੀ ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਨਾਂ ਕਿਸੇ ਸਿਆਸੀ ਲਾਹੇ ਦੇ ਉਹ ਸ਼ਹੀਦ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ,ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਤੇ ਸਾਰਾ ਕਰਜ਼ਾ ਖਤਮ ਕਰਨ ਦੇ ਕੀਤੇ ਵਾਅਦੇ ਨੂੰ ਤੁਰੰਤ ਪੂਰਾ ਕਰੇ।

ਆਵਾਜ਼ਿ ਕੌਮ AWAZE QAUM International Newspaper & WEB TV

**ਭਾਰੀ ਇਕੱਠ ਦੌਰਾਨ ਫੁੱਲਾਂ ਦੀ ਰਸਮ ਕੀਤੀ ਗਈ ਅਦਾ**


ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ

ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ (ਸ਼.ਭ.ਸ.ਨਗਰ)

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

## ਸਵ: ਸ: ਜੁਗਿੰਦਰ ਸਿੰਘ ਸੂਰਾਪੁਰੀ

(ਉਪ ਚੇਅਰਮੈਨ ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ) ਦੀ ਯਾਦ ਨੂੰ ਸਮਰਪਿਤ

# 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

**ਪ੍ਰੋਗਰਾਮ**



ਪੰਮਾ ਡੂੰਮੇਵਾਲੀਆ

ਮਿਤੀ : 3 ਮਾਰਚ 2024, ਦਿਨ ਐਤਵਾਰ ।

ਸਮਾਂ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਸੰਯੋਗ ਕਮਿਊਨਿਟੀ ਹਾਲ, ਲਧਾਣਾ ਉੱਚਾ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ

ਮੁੱਖ ਮਹਿਮਾਨ : **ਸ: ਇੰਦਰਬੀਰ ਸਿੰਘ** (ਆਈ.ਪੀ.ਐਸ.),
ਡੀ.ਆਈ. ਜੀ. ਐਡਮਨਿਸ਼ਟ੍ਰੇਸ਼ਨ ਪੀ.ਏ.ਪੀ. ਜਲੰਧਰ।

ਵਿਸ਼ੇਸ਼ ਮਹਿਮਾਨ:
- ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਯੂਨੀਕ ਹੋਮ, ਜਲੰਧਰ ।
- ਸ: ਪਿਆਰਾ ਸਿੰਘ ਨੂਰਪੁਰੀ ਕਨੇਡਾ ।
- ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ ।॥ ਬੀ.ਡੀ.ਸੀ. ਨਵਾਂਸ਼ਹਿਰ ।
- ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ।
- ਐਸ. ਅਸ਼ੋਕ ਭੌਰਾ ਜਨਰਾਲਿਸਟ (ਉਘੇ ਕਾਲਮ ਨਵੀਸ) ਯੂ.ਐਸ.ਏ. ।

ਸਨਮਾਨਿਤ ਸੰਸਥਾਵਾਂ ਅਤੇ ਸ਼ਖਸੀਅਤਾਂ : ਭਾਈ ਘਨੱਈਆ ਜੀ ਸੇਵਕ ਦਲ ਜਾਡਲਾ (ਜੋੜਿਆਂ ਦੀ ਫਰੀ ਸੇਵਾ)
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।

ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

ਵਿਸ਼ੇਸ਼ ਆਕਰਸ਼ਨ : ਪੰਜਾਬੀ ਗਾਇਕ ਸਮਾਜਿਕ ਪੱਖ ਨੂੰ ਉਭਾਰਨ ਵਾਲੇ, ਸੱਭਿਆਚਾਰ ਦੇ ਅਲੰਬਰਦਾਰ **ਪੰਮਾ ਡੂੰਮੇਵਾਲੀਆ** ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।

ਚਾਹ ਪਕੌੜਿਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

**ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।**

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ।


ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ।
ਮੋਬਾ: 98153-48143, 98140-23547

ਆਵਾਜ਼ਿ ਕੌਮ AWAZE QAUM International Newspaper & WEB TV


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ
AWAZE QAUM
International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH


ਪੂਜਾ ਅਕਾਲ ਕੀ
ਪਰਚਾ ਸ਼ਬਦ ਕਾ
ਦੀਦਾਰ ਖਾਲਸੇ ਦਾ
ਸਾਲਾਨਾ ਧਾਰਮਿਕ ਦੀਵਾਨ
ਮਿਤੀ 1, 2, 3 ਮਾਰਚ 2024
ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚਾਂਦਪੁਰਾ
ਨੇੜੇ ਜਾਖਲ ਮੰਡੀ ਜ਼ਿਲ੍ਹਾ ਫਤਿਹਾਬਾਦ (ਹਰਿਆਣਾ)
ਅੰਮ੍ਰਿਤ ਸੰਚਾਰ
3 ਮਾਰਚ
ਸਵੇਰੇ 10 ਵਜੇ ਹੋਵੇਗਾ ਜੀ ।
ਸਮਾਂ: ਦੁਪਿਹਰ 12 ਤੋਂ 3 ਵਜੇ ਤੱਕ
ਧਾਰਮਿਕ ਦੀਵਾਨਾਂ ਵਿੱਚ ਬੇਅੰਤ ਸੰਤ ਮਹਾਂਪੁਰਖ ਸਿੱਖ ਸੰਗਤਾਂ ਦੇ ਦਰਸ਼ਨ ਦੀਦਾਰੇ ਕਰਨਗੇ
ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
LIVE ON
ਆਵਾਜ਼ਿ ਕੌਮ AWAZE QAUM TV
YouTube
Jathedar Baljit Singh Khalsa Daduwal
ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ
ਬੇਨਤੀ ਕਰਤਾ: ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ, ਪਿੰਡ ਚਾਂਦਪੁਰਾ
ਵਧੇਰੇ ਜਾਣਕਾਰੀ ਲਈ: 81685-61160, 89018-17133, 98127-77238, 94683-94540, 87083-09026


KATHA PROGRAMME
ਆਵਾਜ਼ਿ ਕੌਮ AWAZE QAUM
International Newspaper & WEB TV
4-10 MAR
7:30-8:15 PM
ਸੰਤ ਬਾਬਾ ਬੇਅੰਤ ਸਿੰਘ ਜੀ
ਬੇਰ ਕਲਾਂ ਵਾਲੇ
NANAKSAR THATH ISHER DARBAR
WOLVERHAMPTON


01
ਮਾਰਚ
ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
(ਪਾਵਨ ਅੰਗ 955)
BALA PRITAM STUDY CIRCLE
ਦੂਜੇ ਪਾਤਸ਼ਾਹ ਬਖਸ਼ਣਹਾਰ ਸ਼੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਹੇ ਭਾਈ! ਆਪਣੀ ਰੋਜ਼ੀ ਲਈ ਫਿਕਰ ਚਿੰਤਾ ਨਾ ਕਰੋ, ਇਹ ਫਿਕਰ ਉਸ ਪ੍ਰਭੂ ਨੂੰ ਆਪ ਹੀ ਹੈ ਜਿਸ ਨੇ ਪਾਣੀ ਵਿੱਚ ਜੀਵ ਪੈਦਾ ਕੀਤੇ ਹਨ ਤੇ ਉਹਨਾਂ ਨੂੰ ਵੀ ਰਿਜ਼ਕ ਦਿੰਦਾ ਹੈ।
Balapritamstudycircle
Balapritamstudycircle
+91 62390-97034

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਨਗਰ ਕੀਰਤਨ ਕਾਜ਼ਲਮੋਰਾਨੋ

ਹੋਲੇ ਮਹੱਲੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਜਾਵੇਗਾ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ ਦਮਦਮੀ ਟਕਸਾਲ ਕਾਜ਼ਲਮੋਰਾਨੋ ਵਿਖੇ ਹੀ ਨਗਰ ਕੀਰਤਨ ਕੱਢਿਆ ਜਾਵੇਗਾ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜੇ ਤੱਕ ਭੋਗ ਪੈਣਗੇ।

ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 22 ਮਾਰਚ ਸ਼ੁਕਰਵਾਰ 10:30 ਹੋਵੇਗੀ ਅਤੇ 24 ਐਤਵਾਰ 10:30 ਵਜੇ ਪੈਣਗੇ

☛ ਸ਼ੁੱਕਰਵਾਰ ਅਤੇ ਸਨੀਵਾਰ 23 ਮਾਰਚ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ। ☛ ਐਤਵਾਰ 24 ਮਾਰਚ 2024 ਸਾਢੇ 10.30 ਵਜੇ ਤੋਂ 12:30 ਦੀਵਾਨ ਸਜਣਗੇ।

ਪ੍ਰਚਾਰਕ ਜਥੇ ਕਥਾ ਕੀਰਤਨ , ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ਆਪਣਾ ਕੀਮਤੀ ਸਮਾਂ ਕੱਢ ਕੇ ਸ਼ਹੀਦੀ ਅਸਥਾਨ ਤੇ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### ਦਿੱਲੀ ਕਮੇਟੀ ਦੇ ਪ੍ਰਬੰਧਕਾਂ ਦੀਆਂ ਨਿਜੀ ਜਾਇਦਾਦਾਂ ਵੇਚ ਕੇ ਅਕਾਲ ਤਖਤ ਸਾਹਿਬ ਸਕੂਲਾਂ ਦੇ

# ਸਟਾਫ ਦੀਆਂ ਬਕਾਇਆ ਤਨਖਾਵਾਹਾਂ ਦੀ ਭਰਪਾਈ ਕਰਵਾਣ : ਰਾਣਾ



**ਨਵੀਂ ਦਿੱਲੀ, 1 ਮਾਰਚ (ਮਨਪ੍ਰੀਤ ਸਿੰਘ ਖਾਲਸਾ):** ਬੀਤੇ ਦੋ ਦਿਨ ਪਹਿਲਾਂ ਦਿੱਲੀ ਦੀ ਹਾਈ ਕੋਰਟ ਨੇ ਦਿੱਲੀ ਸਿੱਖ ਗੁਰਦਵਾਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਗ਼ੈਰ ਜਿੰਮੇਵਾਰ ਕਰਾਰ ਦੇਂਦਿਆਂ ਉਨ੍ਹਾਂ ਨੂੰ ਗੁਰਦੁਆਰਾ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਸਮਝਿਆ ਹੈ । ਇਹ ਗੱਲ ਕਮੇਟੀ ਤੇ ਕਾਬਿਜ ਪ੍ਰਬੰਧਕਾਂ ਲਈ ਬਹੁਤ ਹੀ ਨਮੋਸ਼ੀ ਦੀ ਗੱਲ ਹੈ ਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਓਹ ਤੁਰੰਤ ਮੌਜੂਦਾ ਉਹਦਿਆ ਤੋਂ ਫਾਰਿਗ ਹੋ ਜਾਣ । ਅਦਾਲਤ ਵਲੋਂ ਦਿੱਤੇ ਗਏ ਆਦੇਸ਼ ਅੰਦਰ ਜਿੱਥੇ ਸਿੱਖ ਧਰਮ ਦੇ ਰੋਜ਼ਾਨਾ ਜੀਵਨ ਵਿੱਚ ਇਮਾਨਦਾਰੀ, ਦਇਆ, ਮਨੁੱਖਤਾ, ਨਿਮਰਤਾ ਅਤੇ ਉਦਾਰਤਾ ਦੇ ਆਦਰਸ਼ਾਂ ਬਾਰੇ ਕਿਹਾ ਗਿਆ ਉੱਥੇ ਇਹ ਵੀ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸਦੇ ਨੇਤਾਵਾਂ ਦੁਆਰਾ ਵੱਖ-ਵੱਖ ਪਰਉਪਕਾਰੀ ਕਾਰਜਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ । ਨਾਲ ਹੀ ਉਨ੍ਹਾਂ ਟਿਪਣੀ ਕੀਤੀ ਕਿ ਧਿਆਨ ਵਿੱਚ ਰੱਖੋ ਕਿ 'ਦਾਨ (ਭੇਟਾ) ਘਰ ਤੋਂ ਸ਼ੁਰੂ ਹੁੰਦਾ ਹੈ'। ਅਦਾਲਤ ਵਲੋਂ ਗੁਰਦਵਾਰਾ ਕਮੇਟੀ ਅੱਧੀਨ ਚੱਲਦੇ ਸਕੂਲਾਂ ਦੇ ਖੁਰਦ ਬੁਰਦ ਹੋਣ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਗਿਆ ਕਿ ਅਜਿਹੀਆਂ ਪਰਉਪਕਾਰੀ ਗਤੀਵਿਧੀਆਂ ਅਤੇ ਕਦਰਾਂ-ਕੀਮਤਾਂ ਦੀ ਕੋਈ ਤੁਕ ਨਹੀਂ ਜਦੋਂ ਸਕੂਲਾਂ ਦੇ ਆਪਣੇ ਅਧਿਆਪਕ ਅਤੇ ਸਟਾਫ਼, ਜੋ ਨੌਜਵਾਨ ਵਿਦਿਆਰਥੀਆਂ ਨੂੰ ਸਿੱਖਿਆ ਦੇ ਕੇ ਅਤੇ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਕੇ ਇੱਕ ਚੰਗੇ ਅਤੇ ਅਗਾਂਹਵਧੂ ਸਮਾਜ ਦੀ ਨੀਂਹ ਰੱਖਣ ਵਿੱਚ ਮਦਦ ਕਰ ਰਹੇ ਹਨ ਅਤੇ ਇਸ ਨੂੰ ਚਲਾਉਣ ਵਿੱਚ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਥਾਵਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਉਚਿਤ ਬਕਾਏ ਨਹੀਂ ਦਿੱਤੇ ਜਾਂਦੇ ਹਨ, ਦੂਜੇ ਪਾਸੇ ਇਸ ਲਈ ਵਾਰ-ਵਾਰ ਇਸ ਅਦਾਲਤ ਵਿੱਚ ਜਾਣ ਦਾ ਸੰਤਾਪ ਝੱਲਣਾ ਪੈਂਦਾ ਹੈ। ਬਕਾਇਆਂ ਨੂੰ ਕਲੀਅਰ ਕਰਨ ਅਤੇ ਮੌਜੂਦਾ ਬਕਾਏ ਦਾ ਭੁਗਤਾਨ ਕਰਨ ਦੀ ਵਿੱਤੀ ਅਸਮਰੱਥਾ, ਜਿਵੇਂ ਕਿ ਕਮੇਟੀ ਪ੍ਰਬੰਧਕਾਂ ਦੁਆਰਾ ਬੇਨਤੀ ਕੀਤੀ ਗਈ ਸੀ, ਇਸ ਅਦਾਲਤ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ ਕਿ ਸਕੂਲਾਂ, ਜੀਐਚਪੀਐਸ ਸੋਸਾਇਟੀ ਦੇ ਮਾਮਲਿਆਂ ਦਾ ਘੋਰ ਗਲਤ ਪ੍ਰਬੰਧਨ ਹੈ। ਅਦਾਲਤ ਨੇ ਸਿੱਟਾ ਕੱਢਿਆ ਕਿ ਕਾਲਕਾ ਅਤੇ ਕਾਹਲੋਂ ਦੇ ਨਾਲ-ਨਾਲ ਮਨਦੀਪ ਕੌਰ ਜੋ ਕਿ ਜੀਐਚਪੀਐਸ ਸੋਸਾਇਟੀ ਦੇ ਆਨਰੇਰੀ ਸਕੱਤਰ ਹਨ, ਆਪਣੇ ਅਹੁਦਿਆਂ 'ਤੇ ਰਹਿਣ ਦੇ ਲਾਇਕ ਨਹੀਂ ਹਨ। ਅਦਾਲਤ ਨੇ ਇਹ ਕਹਿੰਦਿਆਂ ਕਿ ਸਕੂਲਾਂ ਦੇ ਕੰਮਕਾਜ 'ਤੇ ਡੀਐਸਜੀਐਮਸੀ ਦਾ ਸਾਰਾ ਵਿਆਪਕ ਨਿਯੰਤਰਣ ਵੀ ਹੈ, ਇਸ ਦਲੀਲ ਨੂੰ ਵੀ ਰੱਦ ਕਰ ਦਿੱਤਾ ਕਿ ਸਕੂਲ ਸਟਾਫ਼ ਦੇ ਬਕਾਏ ਕਲੀਅਰ ਕਰਨ ਲਈ ਡੀਐਸਜੀਐਮਸੀ ਜ਼ਿੰਮੇਵਾਰ ਨਹੀਂ ਹੈ।

**ਅਦਾਲਤ ਵਲੋਂ ਕਹਿਣਾ ਮੌਜੂਦਾ ਪ੍ਰਬੰਧਕ ਆਪਣੇ ਅਹੁਦਿਆਂ 'ਤੇ ਰਹਿਣ ਦੇ ਲਾਇਕ ਨਹੀਂ, ਤੁਰੰਤ ਦੇਣ ਅਸਤੀਫ਼ਾ**

ਡੀਐਸਜੀਐਮਸੀ ਦੇ ਪ੍ਰਬੰਧਕਾਂ ਵਲੋਂ ਕਮੇਟੀ ਅੱਧੀਨ ਚੱਲਦੇ ਸਕੂਲਾਂ ਦੇ ਮਸਲੇ ਤੇ ਸੰਗਤਾਂ ਨੂੰ ਬਾਰ ਬਾਰ ਗੁਮਰਾਹ ਕੀਤਾ ਜਾਂਦਾ ਰਿਹਾ ਹੈ ਤੇ ਹੁਣ ਵੀ ਓਹ ਇਹ ਕਹਿ ਕੇ ਕਿ ਇਹ ਮਾਮਲਾ ਤਾ ਸਾਬਕਾ ਪ੍ਰਬੰਧਕਾਂ ਦੇ ਸਮੇਂ ਦਾ ਹੈ, ਭੁਲੇਖਾ ਪਾ ਰਹੇ ਹਨ । ਜਦਕਿ ਹਕੀਕਤ ਇਹ ਹੈ ਕਿ ਇਹ ਸਾਰੇ ਮਾਮਲੇ ਮਨਜਿੰਦਰ ਸਿੰਘ ਸਿਰਸਾ ਦੇ ਪ੍ਰਬੰਧਕੀ ਕਾਲ ਸਮੇਂ ਸ਼ੁਰੂ ਹੋਏ ਸਨ ਤੇ ਹੁਣ ਤਕ ਕੁਲ 120 ਅਪੀਲ੍ਹਾਂ ਅਦਾਲਤ ਅੰਦਰ ਚਲ ਰਹੀਆਂ ਹਨ ਅਤੇ ਇਸ ਮਸਲੇ ਨੂੰ ਕਰੋੜਾਂ ਰੁਪਏ ਦੇ ਕੇ ਕੀਤੇ ਗਏ ਵਕੀਲ ਨਹੀਂ ਸੰਭਾਲ ਸਕੇ । ਉਨ੍ਹਾਂ ਕਿਹਾ ਕਿ ਦਿੱਲੀ ਦੀ ਸੰਗਤ ਆਪੋ ਆਪਣੇ ਇਲਾਕਿਆ ਦੇ ਮੈਂਬਰ ਨੂੰ ਇਨ੍ਹਾਂ ਮਸਲਿਆਂ ਤੇ ਸੁਆਲ ਕਰੇ ਜਿਸ ਨਾਲ ਇਹ ਮੰਨਣ ਕਿ ਇਨ੍ਹਾਂ ਵਲੋਂ ਪੰਥ ਦਾ ਸਰਮਾਇਆ ਖ਼ਤਮ ਕੀਤਾ ਗਿਆ ਹੈ ਜਿਸ ਲਈ ਅਕਾਲ ਤਖਤ ਸਾਹਿਬ ਇਨ੍ਹਾਂ ਦੀਆਂ ਨਿਜੀ ਜਾਇਦਾਦਾਂ ਵੇਚ ਕੇ ਸਕੂਲਾਂ ਦੇ ਸਟਾਫ ਦੀਆਂ ਬਕਾਇਆ ਤਨਖਾਵਾਹਾਂ ਦੀ ਭਰਪਾਈ ਕਰਣ ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਦਾਰ ਪਰਮਜੀਤ ਸਿੰਘ ਰਾਣਾ ਦਿੱਲੀ ਗੁਰਦੁਆਰਾ ਕਮੇਟੀ ਦੇ ਮੌਜੂਦਾ ਮੈਂਬਰ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਚੇਅਰਮੈਨ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਕੀਤਾ ।

### ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ

# ਬੱਚਿਆਂ ਵਿਚਕਾਰ ਕਰਵਾਏ ਕੁਇਜ਼ ਮੁਕਾਬਲੇ, ਅਤੇ ਲਗਾਈ ਸਾਇੰਸ ਪ੍ਰਦਰਸ਼ਨੀ









ਜਗਰਾਉਂ -(ਵਰਿਆਮ ਹਠੂਰ) ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਦੀ ਦੇਖ ਰੇਖ ਹੇਠ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ, ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਸਟੇਟ ਬੈਂਕ ਆਫ ਇੰਡੀਆ ਤੋਂ ਹਠੂਰ ਬ੍ਰਾਂਚ ਦੇ ਮੈਨੇਜਰ ਸ਼੍ਰੀ ਸੰਜੇ ਕੁਮਾਰ, ਅਧਿਆਪਕਾ ਸ਼੍ਰੀ ਮਤੀ ਸਵਰਨ ਕੌਰ ਅਤੇ ਸ੍ਰੀ ਮਤੀ ਗੁਰਸ਼ਰਨ ਕੌਰ ਨੇ ਕੌਰ ਨੇ ਸ਼ਿਰਕਤ ਕੀਤੀ, ਇਸ ਮੌਕੇ ਸਕੂਲ ਦੇ ਬੱਚਿਆਂ ਨੇ ਮਿਹਨਤ ਨਾਲ ਸਾਇੰਸ ਦੇ ਮਾਡਲ ਬਣਾਏ, ਅਤੇ ਆਏ ਹੋਏ ਮਹਿਮਾਨਾਂ ਨੂੰ ਉਨ੍ਹਾਂ ਦੇ ਵਰਕ ਅਤੇ ਖ਼ਾਸੀਅਤ ਬਾਰੇ ਜਾਣੂੰ ਕਰਵਾਇਆ, ਬੱਚਿਆਂ ਦੇ ਬਣਾਏ ਹੋਏ ਮਾਡਲ ਵੇਖ ਕੇ ਮਹਿਮਾਨ ਖੁਸ਼ ਨਜ਼ਰ ਆਏ ਤੇ ਉਨ੍ਹਾਂ ਨੇ ਬੱਚਿਆਂ ਨੂੰ ਹੌਸਲਾ ਦਿੱਤਾ, ਤੇ ਮਿਹਨਤ ਨਾਲ ਅੱਗੇ ਵਧਣ ਲਈ ਥਾਪੜਾ ਦਿੱਤਾ, ਸਾਇੰਸ ਦੀ ਅਧਿਆਪਕਾ ਮਿਸ ਸੁਖਵੀਰ ਕੌਰ ਨੇ ਬੱਚਿਆਂ ਦੀ ਬਹੁਤ ਅੱਛੀ ਅਗਵਾਈ ਕੀਤੀ ਤੇ ਉਨ੍ਹਾਂ ਦੀ ਮਿਹਨਤ ਸਦਕਾ ਬੱਚਿਆਂ ਨੇ ਸਾਇੰਸ ਪ੍ਰਦਰਸ਼ਨੀ ਲਗਾਈ, ਸਕੂਲ ਸਟਾਫ਼ ਵੱਲੋਂ ਬੱਚਿਆਂ ਵਿਚਕਾਰ ਕੁਇਜ਼ ਮੁਕਾਬਲੇ ਵੀ ਕਰਵਾਏ ਗਏ, ਤੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ ਗਏ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਬੱਚਿਆਂ ਵਿਚਕਾਰ ਸਮੇਂ ਸਮੇਂ ਤੇ ਜਿੱਥੇ ਵਿੱਦਿਆ ਨਾਲ ਸਬੰਧਿਤ ਮੁਕਾਬਲੇ ਕਰਵਾਏ ਜਾਂਦੇ ਹਨ। ਉੱਥੇ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬੱਚਿਆਂ ਵਿੱਚ ਖੇਡਾਂ ਲਈ ਵੀ ਰੁਚੀ ਪੈਦਾ ਕੀਤੀ ਜਾਂਦੀ ਹੈ। ਤੇ ਸਮੇਂ ਸਮੇਂ ਤੇ ਸਕੂਲ ਵਿੱਚ ਵਿੱਦਿਆ ਨਾਲ ਸਬੰਧਿਤ ਅਤੇ ਹੋਰ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਸਕੂਲ ਵਿੱਚ ਬੱਚਿਆਂ ਨੂੰ ਮੁਫ਼ਤ ਪੜ੍ਹਾਉਣ ਦੇ ਨਾਲ ਨਾਲ ਬੱਚਿਆਂ ਲਈ ਹੋਰ ਕਾਫੀ ਸਹੂਲਤਾਂ ਹਨ। ਤੇ ਸਕੂਲ ਦਾ ਸਮੂਹ ਮਿਹਨਤੀ ਸਟਾਫ਼ ਬੱਚਿਆਂ ਤੇ ਚੰਗੀ ਮਿਹਨਤ ਕਰ ਰਿਹਾ ਹੈ। ਅੰਤ ਵਿੱਚ ਉਨ੍ਹਾਂ ਆਏ ਹੋਏ ਮਹਿਮਾਨਾਂ ਅਤੇ ਸਮੂਹ ਸਕੂਲ ਸਟਾਫ਼ ਦਾ ਮਿਹਨਤ ਨਾਲ ਵਰਕ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ, ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ, ਮੋਨਿਕਾ ਜੈਨ, ਰਾਜਵੰਤ ਕੌਰ, ਕਰਮਜੀਤ ਕੌਰ, ਮਨਪ੍ਰੀਤ ਕੌਰ, ਅਨੂ ਰਾਣੀ, ਗੁਰਪ੍ਰੀਤ ਕੌਰ, ਗੁਰਜੀਤ ਕੌਰ, ਜਸਪ੍ਰੀਤ ਕੌਰ, ਧਰਮਿੰਦਰ ਸਿੰਘ, ਗੁਰਪ੍ਰੀਤ ਕੌਰ, ਸਮੇਤ ਸਕੂਲ ਦੇ ਬੱਚੇ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਗੜ੍ਹ ਵਿਖੇ ਕਰਵਾਇਆ ਸਲਾਨਾ ਸਮਾਰੋਹ



**ਤਲਵੰਡੀ ਸਾਬੋ, 02 ਮਾਰਚ (ਗੁਰਜੰਟ ਸਿੰਘ ਨਥੇਹਾ)**- ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਗੜ੍ਹ ਵਿਖੇ ਸਲਾਨਾ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਸੈਂਟਰ ਹੈਡ ਟੀਚਰ ਸ੍ਰੀ ਰਣਵੀਰ ਸਿੰਘ, ਮੈਡਮ ਦੀਕਸ਼ਾ ਗੁਪਤਾ, ਮੈਡਮ ਅਮਨਦੀਪ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਨੀਤਾ ਤੇ ਸਮੂਹ ਸਟਾਫ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਬੱਚਿਆਂ ਨੇ ਰੰਗਾ-ਰੰਗ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਹੈਡ ਟੀਚਰ ਸ਼੍ਰੀਮਤੀ ਸੁਖਪ੍ਰੀਤ ਕੌਰ ਨੇ ਸਾਰੇ ਹੀ ਆਏ ਹੋਏ ਮੁੱਖ ਮਹਿਮਾਨਾਂ ਤੇ ਮਾਪਿਆਂ ਦਾ ਦਿਲੋਂ ਧੰਨਵਾਦ ਕੀਤਾ। ਇਸ ਸਮੇਂ ਸਕੂਲ ਦੇ ਸਟਾਫ ਮੈਂਬਰ ਸ਼੍ਰੀਮਤੀ ਪਰਮਜੀਤ ਕੌਰ, ਸ਼੍ਰੀਮਤੀ ਰਾਜਵੀਰ ਕੌਰ ਅਤੇ ਸ਼੍ਰੀਮਤੀ ਵੀਰਪਾਲ ਕੌਰ ਹਾਜ਼ਰ ਸਨ। ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ 1100 ਰੁਪਏ ਦਿੱਤੇ ਗਏ। ਸੀਐਚਟੀ ਰਣਵੀਰ ਸਿੰਘ ਤੇ ਉਹਨਾਂ ਦੇ ਸਟਾਫ ਨੇ ਵੀ ਬੱਚਿਆਂ ਦੀ ਪਰਫੋਰਮੈਂਸ ਤੋਂ ਖੁਸ਼ ਹੋ ਕੇ 1100 ਰੁਪਏ ਬੱਚਿਆਂ ਲਈ ਦਿੱਤੇ।

# ਜਦੋਂ ਸਰਕਾਰ ਕੋਲ ਕਾਨੂੰਨ ਤੇ ਅਦਾਲਤ ਰਾਹੀ ਸਜ਼ਾ ਦਿਵਾਉਣ ਦਾ ਪ੍ਰਬੰਧ ਹੈ, ਫਿਰ ਝੂਠੇ ਪੁਲਿਸ ਮੁਕਾਬਲੇ ਬਣਾਕੇ ਨੌਜਵਾਨੀ ਨੂੰ ਕਿਉਂ ਮਾਰਿਆ ਜਾ ਰਿਹੈ ? : ਮਾਨ



ਨਵੀਂ ਦਿੱਲੀ 1 ਮਾਰਚ (ਮਨਪ੍ਰੀਤ ਸਿੰਘ ਖਾਲਸਾ):- "ਵਿਧਾਨ ਦੀ ਧਾਰਾ 21 ਕਿਸੇ ਵੀ ਇਨਸਾਨ ਨੂੰ ਕਾਨੂੰਨੀ ਪ੍ਰਕਿਰਿਆ ਰਾਹੀ ਸਰਕਾਰ, ਅਦਾਲਤ ਵਿਚ ਪੇਸ ਕਰਕੇ ਜਦੋ ਸਜ਼ਾ ਦਿਵਾਉਣ ਦਾ ਪ੍ਰਬੰਧ ਹੈ, ਫਿਰ ਸੈਟਰ ਤੇ ਪੰਜਾਬ ਦੀਆਂ ਸਰਕਾਰਾਂ ਦੇ ਜਾਬਰ ਆਦੇਸ਼ਾਂ ਉਤੇ ਪੰਜਾਬ ਪੁਲਿਸ ਸਿੱਖ ਨੌਜਵਾਨੀ ਨੂੰ ਫਿਰ ਝੂਠੇ ਪੁਲਿਸ ਮੁਕਾਬਲਿਆ ਵਿਚ ਮਾਰਨ ਵਿਚ ਤੇਜ਼ੀ ਕਿਉਂ ਲਿਆ ਰਹੀ ਹੈ ? ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਪਹਿਲੇ ਤਰਨਤਾਰਨ, ਜੰਡਿਆਲਾ ਗੁਰੂ, ਫਿਰੋਜ਼ਪੁਰ ਦੇ ਜੀਰਾ ਅਤੇ ਬੀਤੇ ਕੁਝ ਦਿਨ ਪਹਿਲੇ ਧਨੌਲਾ (ਬਰਨਾਲਾ) ਵਿਖੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆ ਵਿਚ ਮਾਰਨਾ ਅਣਮਨੁੱਖੀ ਅਤੇ ਗੈਰ ਇਨਸਾਨੀਅਤ ਨਿੰਦਣਯੋਗ ਕਾਰਵਾਈਆਂ ਹਨ । ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕਤਈ ਬਰਦਾਸਤ ਨਹੀਂ ਕਰੇਗਾ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੀ ਸਿੱਖ ਨੌਜਵਾਨੀ ਨੂੰ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਆਪਣੀ ਪੁਲਿਸ ਅਤੇ ਅਰਧ ਸੈਨਿਕ ਬਲਾਂ ਰਾਹੀ ਫਿਰ ਤੋਂ ਝੂਠੇ ਪੁਲਿਸ ਮੁਕਾਬਲਿਆ ਵਿਚ ਤੇਜ਼ੀ ਨਾਲ ਸੁਰੂ ਕੀਤੇ ਗਏ ਅਮਲਾਂ ਵਿਰੁੱਧ ਸਖਤ ਨੋਟਿਸ ਲੈਂਦੇ ਹੋਏ ਅਤੇ ਸਰਕਾਰ ਨੂੰ ਖ਼ਬਰਦਾਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਪੰਜਾਬ ਤੇ ਸੈਟਰ ਦੀਆਂ ਸਰਕਾਰਾਂ ਨੇ ਇਹ ਸੁਰੂ ਕੀਤੀ ਅਣਮਨੁੱਖੀ ਕਾਰਵਾਈ ਦੀ ਬਦੌਲਤ ਦੋਵਾਂ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਕੌਮਾਂਤਰੀ ਅਤੇ ਮੁਲਕੀ ਪੱਧਰ ਉਤੇ ਬਹੁਤ ਵੱਡੀ ਬਦਨਾਮੀ ਪੈਦਾ ਹੋਣ ਦੇ ਨਾਲ-ਨਾਲ ਨਿਵਾਸੀਆਂ ਵਿਚ ਵੱਡੇ ਪੱਧਰ ਤੇ ਨਿਰਾਸਾਂ ਵੱਧਦੀ ਜਾ ਰਹੀ ਹੈ । ਜਿਸਦੇ ਨਤੀਜੇ ਕਦੀ ਵੀ ਲਾਹੇਵੰਦ ਸਾਬਤ ਨਹੀ ਹੋ ਸਕਣਗੇ । ਉਨ੍ਹਾਂ ਕਿਹਾ ਕਿ ਇਹ ਕੇਵਲ ਪੰਜਾਬ ਵਿਚ ਹੀ ਨਹੀ ਬਲਕਿ ਛੱਤੀਸਗੜ੍ਹ, ਮਨੀਪੁਰ, ਅਸਾਮ, ਵੈਸਟ ਬੰਗਾਲ, ਝਾਰਖੰਡ, ਮਿਜੋਰਮ ਆਦਿ ਇਲਾਕਿਆ ਵਿਚ ਵੱਸਣ ਵਾਲੇ ਆਦਿਵਾਸੀਆਂ ਨੂੰ ਨਕਸਲਾਈਟ ਕਹਿਕੇ ਮਾਰਿਆ ਜਾ ਰਿਹਾ ਹੈ । ਪਰ ਦੁੱਖ ਅਤੇ ਅਫਸੋਸ ਹੈ ਕਿ ਸਾਡੇ ਮੁਲਕ ਦੀ ਪ੍ਰੈਜੀਡੈਟ ਬੀਬੀ ਦ੍ਰੋਪਦੀ ਮੁਰਮੂ ਜੋ ਖੁਦ ਆਦਿਵਾਸੀਆਂ ਨਾਲ ਸੰਬੰਧਤ ਹਨ, ਉਨ੍ਹਾਂ ਵੱਲੋ ਆਦਿਵਾਸੀਆ ਉਤੇ ਸਰਕਾਰ ਵੱਲੋ ਕੀਤੇ ਜਾ ਰਹੇ ਜ਼ਬਰ ਜੁਲਮ ਸੰਬੰਧੀ ਸਖ਼ਤ ਨੋਟਿਸ ਲੈਣਾ ਚਾਹੀਦਾ ਸੀ । ਜੋ ਕਿ ਨਹੀ ਲਿਆ ਗਿਆ । ਕੀ ਜੇਕਰ ਆਦਿਵਾਸੀ ਇਨ੍ਹਾਂ ਦੇ ਜਾਬਰ ਹੁਕਮਾਂ ਨੂੰ ਨਹੀਂ ਮੰਨਦੇ ਕੀ ਉਨ੍ਹਾਂ ਨੂੰ ਸਰਕਾਰ ਵੱਲੋ ਮਾਰ ਦੇਣ ਦਾ ਕੋਈ ਕਾਨੂੰਨੀ ਅਧਿਕਾਰ ਹੈ..?

# ਹਰ ਸੱਚਾ ਪੰਜਾਬੀ ਕਿਸਾਨੀ ਸੰਘਰਸ਼ ਦੇ ਨਾਲ, ਕੇਂਦਰ ਗੱਲਬਾਤ ਰਾਹੀਂ ਕੱਢੇ ਮਸਲੇ ਦਾ ਹੱਲ- ਗੁਰਬਾਜ਼ ਸਿੰਘ ਸਿੱਧੂ



**ਤਲਵੰਡੀ ਸਾਬੋ, 29 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਜਿੰਨਾਂ ਮੰਗਾਂ ਲਈ ਕਿਸਾਨ 'ਦਿੱਲੀ ਕੂਚ' ਦੀ ਆਪਣੀ ਰਣਨੀਤੀ ਤਹਿਤ ਹਰਿਆਣਾ ਦੀਆਂ ਹੱਦਾਂ 'ਤੇ ਸੰਘਰਸ਼ਸ਼ੀਲ ਹਨ ਉਹ ਜਾਇਜ਼ ਹਨ ਇਸਲਈ ਹਰ ਸੱਚਾ ਪੰਜਾਬੀ ਅੱਜ ਕਿਸਾਨਾਂ ਨਾਲ ਖੜਾ ਨਜ਼ਰ ਆ ਰਿਹਾ ਹੈ, ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਨਾਲ ਨਾਲ ਸਮੁੱਚੇ ਪੰਜਾਬੀਆਂ ਦੀਆਂ ਭਾਵਨਾਵਾਂ ਦੇਖਦਿਆਂ ਮਸਲੇ ਦਾ ਹੱਲ ਕੱਢਣ ਲਈ ਫਿਰ ਤੋਂ ਗੱਲਬਾਤ ਦਾ ਰਾਹ ਅਪਨਾਵੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਅਤੇ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਗੁਰਬਾਜ਼ ਸਿੰਘ ਸਿੱਧੂ ਨੇ ਪਿੰਡਾਂ ਦੇ ਦੌਰੇ ਉਪਰੰਤ ਗੱਲਬਾਤ ਦੌਰਾਨ ਕੀਤਾ। ਗੁਰਬਾਜ਼ ਸਿੰਘ ਸਿੱਧੂ ਜੋ ਕਈ ਪਿੰਡਾਂ ਚ ਆਮ ਲੋਕਾਂ ਅਤੇ ਵਰਕਰਾਂ ਦੇ ਨਿੱਜੀ ਪ੍ਰੋਗਰਾਮਾਂ ਚ ਹਾਜ਼ਰੀ ਭਰਨ ਲਈ ਪੁੱਜੇ ਸਨ ਨੇ ਕਿਹਾ ਕਿ ਦਿੱਲੀ ਕਿਸਾਨੀ ਸੰਘਰਸ਼ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਜੋ ਮੰਗਾਂ ਮੰਨ ਚੁੱਕੀ ਹੈ ਉਸਨੂੰ ਲਾਗੂ ਕਰਨ ਵਿੱਚ ਹਿਚਕਿਚਾਹਟ ਕਿਉਂ ਦਿਖਾ ਰਹੀ ਹੈ ਇਹ ਸਮਝ ਤੋਂ ਪਰ੍ਹੇ ਹੈ। ਉਨਾਂ ਕਿਹਾ ਕਿ ਕਿਸਾਨਾਂ ਤੇ ਕੀਤੇ ਜਾ ਰਹੇ ਅਣਮਨੁੱਖੀ ਤਸ਼ੱਦਦ ਨੇ ਹਰ ਪੰਜਾਬੀ ਦੀ ਆਤਮਾ ਨੂੰ ਝੰਜੋੜਿਆ ਹੈ ਇਸਲਈ ਹਰ ਪੰਜਾਬੀ ਕਿਸਾਨੀ ਸੰਘਰਸ਼ ਨਾਲ ਖੜਾ ਦਿਖਾਈ ਦੇ ਰਿਹਾ ਹੈ। ਸਿੱਧੂ ਨੇ ਮੰਗ ਕੀਤੀ ਕਿ ਦੇਸ਼ ਦੇ ਅੰਨਦਾਤੇ ਦੀ ਆਵਾਜ਼ ਡੰਡੇ ਨਾਲ ਦਬਾਉਣ ਦੀ ਨੀਤੀ ਛੱਡ ਕੇ ਕੇਂਦਰ ਗੱਲਬਾਤ ਆਰੰਭੇ ਅਤੇ ਸ਼ਾਂਤੀਪੂਰਨ ਤਰੀਕੇ ਨਾਲ ਮਸਲੇ ਦਾ ਹੱਲ ਕੱਢੇ। ਇਸ ਮੌਕੇ ਉਨਾਂ ਨਾਲ ਜਗਤਾਰ ਨੰਬਰਦਾਰ ਭਾਗੀਵਾਂਦਰ, ਡੂੰਗਰ ਸਿੰਘ ਸੀਂਗੋ, ਦਰਸ਼ਨ ਸਿੰਘ ਫੌਜੀ ਸਾਬਕਾ ਸਰਪੰਚ, ਭੀਮ ਸਿੰਘ ਨੰਗਲਾ, ਸਰਵਣ ਸਿੰਘ ਨੰਗਲਾ, ਹਰਗੋਬਿੰਦ ਨੰਗਲਾ, ਹਰਪਾਲ ਗਾਟਵਾਲੀ, ਸੁਰਜੀਤ ਸ਼ਿੰਦੀ, ਮੰਦਿਰ ਲਹਿਰੀ ਆਦਿ ਆਗੂ ਮੌਜੂਦ ਰਹੇ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਬਘੇਲ ਸਿੰਘ ਜੀ ਲੱਧੇਵਾਲ

# ਮਹਾਨ ਸ਼ਹੀਦੀ ਸਮਾਗਮ

ਸ਼ਹੀਦੀ ਦਿਵਸ ਬਾਬਾ ਬਘੇਲ ਸਿੰਘ ਲੱਧੇਵਾਲ ਅੰਮ੍ਰਿਤਸਰ ਸਾਹਿਬ ਜੀ ਅਤੇ ਸ਼ਹੀਦੀ ਦਿਵਸ ਕੌਮੀ ਯੋਧਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵਿਦਿਆਰਥੀ ਦਮਦਮੀ ਟਕਸਾਲ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜੇ ਤੱਕ ਭੋਗ ਪੈਣਗੇ।



ਸ਼ਹੀਦ ਕੌਮੀ ਯੋਧਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ

## ਸ਼ਨੀਵਾਰ 2 ਮਾਰਚ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ।

## ਐਤਵਾਰ 3 ਮਾਰਚ 2024 ਸਾਢੇ 10:30 ਵਜੇ ਤੋਂ 12:30 ਦੀਵਾਨ ਸੱਜਣਗੇ।

ਰਾਗੀ ਜਥਾ ਭਾਈ ਉਂਕਾਰ ਸਿੰਘ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ।
☛ਆਪਣਾ ਕੀਮਤੀ ਸਮਾਂ ਕੱਢ ਕੇ ਸ਼ਹੀਦੀ ਅਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਮੁੱਖ ਮੰਤਰੀ ਵੱਲੋਂ ਧੂਰੀ ਹਲਕੇ ਨੂੰ ਵਿਕਾਸ ਪੱਖੋਂ

# ਪਹਿਲੇ ਨੰਬਰ 'ਤੇ ਲਿਆਦਾ ਜਾਵੇਗਾ : ਪ੍ਰੋਫੈਸਰ ਓਂਕਾਰ ਸਿੰਘ ਸਿੱਧੂ





ਆਵਾਜ਼ਿ ਕੌਮ AWAZE QAUM International Newspaper & WEB TV

ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਹਰ ਨਵੇਂ ਦਿਨ ਨਵੀਆਂ ਸਕੀਮਾਂ ਦੇ ਕੇ ਨਿਵਾਜਿਆ ਜਾ ਰਿਹਾ ਹੈ। ਮੁੱਖ ਮੰਤਰੀ ਦੇ ਜੱਦੀ ਹਲਕੇ ਧੂਰੀ ਵਿੱਚ ਪੈਂਦੇ ਪਿੰਡ ਦੁਗਨੀ, ਜਾਤੀ ਮਾਜਰਾ ਤੇ ਬਲਮਗੜ੍ਹ ਨੂੰ ਮੁੱਖ ਮੰਤਰੀ ਵੱਲੋਂ ਇਕ ਕਰੋੜ 54 ਲੱਖ ਰੁਪਏ ਦੀ ਗਰਾਂਟ ਦੇ ਕੇ ਤਿੰਨਾਂ ਪਿੰਡਾਂ ਦੇ ਆ ਰਹੇ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਦਾ ਉਦਘਾਟਨ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਓਐਸਡੀ ਮੁੱਖ ਮੰਤਰੀ ਪੰਜਾਬ ਅਤੇ ਅੰਮ੍ਰਿਤ ਬਰਾੜ ਦਫਤਰ ਇੰਚਾਰਜ ਨੇ ਆਪਣੇ ਕਰ ਕਮਲਾਂ ਦੇ ਨਾਲ ਕੀਤਾ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਧੂਰੀ ਹਲਕੇ ਦੇ ਵਿਕਾਸ ਕਾਰਜਾਂ ਦੇ ਲਈ ਹਰ ਵਕਤ ਚਿੰਤਿਤ ਰਹਿੰਦੇ ਹਨ, ਧੂਰੀ ਹਲਕੇ ਨੂੰ ਸੂਬੇ ਦੇ ਵਿੱਚੋਂ ਪਹਿਲੇ ਨੰਬਰ ਤੇ ਲੈ ਕੇ ਆਉਣ ਦਾ ਉਹਨਾਂ ਦਾ ਮੁੱਖ ਮਕਸਦ ਹੈ। ਇਸ ਮੌਕੇ ਪਿੰਡ ਦੁਗਨੀ ਨੂੰ ਗਰਾਂਟ ਦੇਣ ਤੇ ਵਿਸ਼ੇਸ਼ ਧੰਨਵਾਦ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਖਾਲਿਦ ਖਾਨ ਦੁਗਨੀ ਨੇ ਕਿਹਾ ਹੈ ਕਿ ਕਿ ਅਸੀਂ ਦੁਗਨੀ ਪਿੰਡ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ,ਅੰਮ੍ਰਿਤ ਬਰਾੜ ਅਤੇ ਅਮੀਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨਾਂ ਨੇ ਸਾਡੇ ਪਿੰਡ ਨੂੰ ਗਰਾਂਟਾਂ ਦੇ ਗੱਫੇ ਦੇ ਕੇ ਪਿੰਡ ਦੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੀਹ ਨੂੰ ਅੱਗੇ ਤੋਰਿਆ ਹੈ। ਇਸ ਮੌਕੇ ਉਨਾਂ ਦੇ ਅਮੀਰ ਸਿੰਘ ,ਬਲਾਕ ਪ੍ਰਧਾਨ ਤੇਜ਼ੀ ਕੱਕੜਵਾਲ, ਬਲਾਕ ਪ੍ਰਧਾਨ ਗਗਨ ਜਵੰਦਾ, ਨੰਬਰਦਾਰ ਜਾਵੇਦ ਖਾ, ਤਾਰਕ ਖਾਨ,ਗੋਗਾ,ਅਮਨ ਜਾਤੀਮਾਜਰਾ,ਸਲੀਮ,ਸਤਾਰ ਸਾਬਾ ਪੰਚ ,ਅਸ਼ਰਫ ਖਾਨ,ਖਾਲਦ ਖਾਨ ਪੰਚ,ਸਦੀਕ ,ਮੁਮਤਾਜ ਹਾਜ਼ਰ ਸਨ।

### ਸ: ਦਰਸ਼ਨ ਸਿੰਘ ਸੰਧੂ ਮਾਣੂੰਕੇ ਦੇ ਬੇਟੇ ਦੇ ਵਿਆਹ ਮੌਕੇ

# ਜੋੜੀ ਨੂੰ ਅਸ਼ੀਰਵਾਦ ਦੇਣ ਪੁੱਜੇ ਫ਼ੌਜੀ ਅਫ਼ਸਰ ਅਤੇ ਵੱਖ ਵੱਖ ਰਾਜਨੀਤਕ ਸ਼ਖ਼ਸੀਅਤਾਂ







ਜਗਰਾਉਂ –( ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਾਣੂੰਕੇ ਤੋਂ ਸਰਦਾਰ ਦਰਸ਼ਨ ਸਿੰਘ ਸੰਧੂ ਦੇ ਬੇਟੇ ਮਨਪ੍ਰੀਤ ਸਿੰਘ ਸੰਧੂ ਅਤੇ ਮਨਪ੍ਰੀਤ ਕੌਰ ਦੇ ਵਿਆਹ ਮੌਕੇ ਨਵੀਂ ਵਿਆਹੀ

ਆਵਾਜ਼ਿ ਕੌਮ AWAZE QAUM International Newspaper & WEB TV

ਜੋੜੀ ਨੂੰ ਅਸ਼ੀਰਵਾਦ ਦੇਣ ਲਈ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ਼੍ਰੀ ਐਸ ਆਰ ਕਲੇਰ ਸਾਬਕਾ ਐਮ ਐਲ ਏ ਜਗਰਾਉਂ, ਦੀਦਾਰ ਸਿੰਘ ਮਲਕ ਸਾਬਕਾ ਚੇਅਰਮੈਨ , ਸੁੱਖ ਸੰਧੂ ਮਾਣੂੰਕੇ, ਹਰਦੀਪ ਸਿੰਘ ਸੰਧੂ , ਦੀਸ਼ਾ ਸੰਧੂ ਮਾਣੂਕੇ , ਜੱਗਾ ਮਾਣੂੰਕੇ ਯੂਥ ਅਕਾਲੀ ਦਲ , ਆਦਿ ਆਗੂ ਪੁੱਜੇ ਅਤੇ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ ਵਿਆਹ ਬੰਧਨ ਵਿੱਚ ਬੱਝਣ ਦੀਆਂ ਮੁਬਾਰਕਾਂ ਦਿੱਤੀਆਂ, ਉੱਥੇ ਲੁਧਿਆਣਾ ਦੇ ਉੱਘੇ ਉਦਯੋਗਪਤੀ ਸ਼੍ਰੀ ਅਸ਼ਵਨੀ ਗਰਗ , ਸ਼੍ਰੀ ਰਿਸ਼ਭ ਗਰਗ ਅਤੇ 26 ਬਟਾਲੀਅਨ ਆਈ ਟੀ ਬੀ ਪੁਲੀਸ ਦੇ ਕਮਾਂਡੈਂਟ ਸ਼੍ਰੀ ਸੌਰਬ ਦੁਭੇ ਪਰਿਵਾਰ ਸਮੇਤ ਅਸ਼ੀਰਵਾਦ ਦੇਣ ਲਈ ਪਹੁੰਚੇ ਤੇ ਨਵੀਂ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ ਨਵੀਂ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਲਈ ਮੁਬਾਰਕਬਾਦ ਦਿੱਤੀ, ਗੱਲਬਾਤ ਕਰਦਿਆਂ ਸ਼੍ਰੀ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਨੇ ਕਿਹਾ ਕਿ ਸ: ਦਰਸ਼ਨ ਸਿੰਘ ਸੰਧੂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਮਿਲ ਕੇ ਬੜੀ ਖੁਸ਼ੀ ਹੋਈ, ਸ: ਦਰਸ਼ਨ ਸਿੰਘ ਜੀ ਬੜੇ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਹਨ। ਤੇ ਉਨ੍ਹਾਂ ਨਾਲ ਚੰਗਾ ਪਿਆਰ ਅਤੇ ਸਤਿਕਾਰ ਹੈ। ਗੱਲਬਾਤ ਕਰਦਿਆਂ ਲੁਧਿਆਣਾ ਤੋਂ ਉੱਘੇ ਉਦਯੋਗਪਤੀ ਸ਼੍ਰੀ ਅਸ਼ਵਨੀ ਗਰਗ ਅਤੇ ਸ਼੍ਰੀ ਰਿਸ਼ਭ ਗਰਗ ਨੇ ਕਿਹਾ ਕਿ ਸ: ਦਰਸ਼ਨ ਸਿੰਘ ਸੰਧੂ ਮਾਣੂੰਕੇ ਦੇ ਬੇਟੇ ਦੇ ਵਿਆਹ ਵਿੱਚ ਸ਼ਾਮਲ ਹੋਣ ਨਾਲ ਸਾਨੂੰ ਬੜੀ ਖੁਸ਼ੀ ਮਹਿਸੂਸ ਹੋਈ ਹੈ। ਵਾਹਿਗੁਰੂ ਨਵੀਂ ਜੋੜੀ ਨੂੰ ਤੰਦਰੁਸਤੀ ਅਤੇ ਤਰੱਕੀਆਂ ਬਖ਼ਸ਼ੇ ਤੇ ਜੋੜੀ ਹਮੇਸ਼ਾ ਖੁਸ਼ ਰਹੇ, ਇਸ ਤੋਂ ਇਲਾਵਾ ਸੁਖਪ੍ਰੀਤ ਸਿੰਘ ਸਿੱਧੂ , ਅਮਰੀਕ ਸਿੰਘ ਲਲਤੋਂ ,ਸਤਵਿੰਦਰ ਗਰੇਵਾਲ ,ਸਰਪੰਚ ਹਰਪ੍ਰੀਤ ਸਿੰਘ ਰੱਜੋਵਾਲ ,ਨਰਿੰਦਰਪਾਲ ਸਿੰਘ ਰੁੜਕਾ ,ਗੁਰਨੂਰ ਬੈਨੀਵਾਲ , ਧਰਮਪਾਲ ਸਿੰਘ ਚੀਮਾ, ਹਾਜ਼ਰ ਹੋਏ ਤੇ ਸਮੂਹ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ ਤੇ ਨਵੀਂ ਜੋੜੀ ਨੂੰ ਅਸ਼ੀਰਵਾਦ ਦਿੱਤਾ, ਸ: ਦਰਸ਼ਨ ਸਿੰਘ ਸੰਧੂ ਮਾਣੂੰਕੇ ਨੇ ਸਮੂਹ ਰਾਜਨੀਤਕ ਸ਼ਖ਼ਸੀਅਤਾਂ ਅਤੇ ਫ਼ੌਜੀ ਅਫ਼ਸਰ ਸਹਿਬਾਨਾਂ ਅਤੇ ਹੋਰ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

**ਸ: ਦਰਸ਼ਨ ਸਿੰਘ ਸੰਧੂ ਨੇ ਸਮੂਹ ਰਾਜਨੀਤਕ ਸ਼ਖ਼ਸੀਅਤਾਂ ਅਤੇ ਫ਼ੌਜੀ ਅਫਸਰਾਂ ਦਾ ਕੀਤਾ ਧੰਨਵਾਦ**

# ਆਮ ਆਦਮੀ ਪਾਰਟੀ ਵੱਲੋਂ ਮਹਿਲਾ ਵਿੰਗ ਪੰਜਾਬ ਨਾਰੀ ਸ਼ਕਤੀ ਦੀ ਹੋਈ ਮੀਟਿੰਗ



ਭਵਾਨੀਗੜ੍ਹ ( ਰਣਜੀਤ ਸਿੰਘ ਪੇਧਨੀ )-ਸਥਾਨਕ ਆਮ ਆਦਮੀ ਪਾਰਟੀ ਵੱਲੋਂ ਮਹਿਲਾ ਵਿੰਗ ਪੰਜਾਬ ਨਾਰੀ ਸ਼ਕਤੀ ਦੀ ਮੀਟਿੰਗ ਰੱਖੀ ਗਈ ।ਇਸ ਮੀਟਿੰਗ ਵਿਚ ਜਿਲਾ ਪ੍ਰਧਾਨ ਜਸਵੀਰ ਕੌਰ ਸੇਰ ਗਿੱਲ ਜਿਲਾ ਸਕੱਤਰ ਗੁਰਿੰਦਰ ਕੌਰ ਅਤੇ ਹਲਕਾ ਕੋਡੀਨੇਟਰ ਹਰਮਨਦੀਪ ਕੌਰ, ਜਿਲਾ ਜੁਆਇੰਟ ਸਕੱਤਰ ਅਮਰਦੀਪ ਕੌਰ

ਆਵਾਜ਼ਿ ਕੌਮ AWAZE QAUM International Newspaper & WEB TV

ਖਾਸ ਤੌਰ ਪੁਹੰਚੇ ਅਤੇ ਜਿਲਾ ਪ੍ਰਧਾਨ ਜਸਵੀਰ ਕੌਰ ਨੇ ਲੋਕ ਸਭਾ 2024 ਦੀਆਂ ਚੋਣਾਂ ਨੂੰ ਮੁੱਖ ਰੱਖਦਿਆ ਕਿਹਾ ਕਿ ਨਾਰੀ ਵਿੰਗ ਵਲੋਂ ਪੂਰਾ ਜੋਰ ਲਾਇਆ ਜਾ ਰਿਹਾ ਹੈ, ਅਤੇ ਪੂਰੇ ਹਲਕੇ ਵਿਚ ਜਗ੍ਹਾ ਜਗ੍ਹਾ ਤੇ ਮੀਟਿੰਗਾ ਕੀਤੀਆ ਜਾ ਰਹੀਆ ਹਨ ਤਾ ਜੋ ਵੱਧ ਤੋ ਵੱਧ ਸੀਟਾ ਜਿੱਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਝੋਲੀ ਵਿੱਚ ਪਾਈਆ ਜਾਣ । ਇਸ ਦੌਰਾਨ ਸੇਰਗਿੱਲ ਵੱਲੋ ਮਹਿਲਾ ਨਾਰੀ ਸਕਤੀ ਵਿੰਗ ਨੂੰ ਹੋਰ ਮਜਬੂਤ ਕਰਨ ਲਈ ਵੱਡੀਆ ਜਿੰਮੇਦਾਰੀਆ ਵੀ ਦਿੱਤੀਆ ਗਈਆ । ਇਸ ਦੌਰਾਨ ਸੂਰਵੀ ਧੀਮਾਨ ਸਹਾਇਕ ਕੋਡੀਨੇਟ ,ਨਵਦੀਪ ਕੌਰ ਜਿਲਾ ਸੈਕਟਰੀ, ਚਰਨਜੀਤ ਕੌਰ, ਸੁਰਜੀਤ ਕੌਰ ,ਜਿਲਾ ਜੁਆਇੰਟ ਸੈਕਟਰੀ ਸਿੰਦਰਪਾਲ ਕੌਰ ਅਤੇ ਜਸਪਾਲ ਕੌਰ ਬਲਾਕ ਪ੍ਰਧਾਨ ਭਵਾਨੀਗੜ, ਨੀਲਮ ਰਾਣੀ ਬਲਾਕ ਪ੍ਰਧਾਨ ਵਜੋ ਨਵਾਜੇ ਗਏ। ਇਸ ਤੋ ਇਲਾਵਾ ਰਣਜੀਤ ਕੌਰ, ਮਨਪ੍ਰੀਤ ਕੌਰ, ਮਨਦੀਪ ਕੌਰ ,ਪਰਮਜੀਤ ਕੌਰ ਸੀਮਾ, ਲਖਵੀਰ ਕੌਰ, ਪਰਵੀਨ ਕੌਰ, ਅਤੇ ਵਰਕਰ ਆਦਿ ਹਾਜ਼ਰ ਸਨ।

# ਡਾ: ਅੰਬੇਡਕਰ ਦੇ ਪੋਤੇ ਨੇ ਸਮਾਜ ਸੇਵੀ ਭਾਨ ਸਿੰਘ ਜੱਸੀ ਨੂੰ ਕੀਤਾ ਸਨਮਾਨਿਤ

### ਸ: ਭਾਨ ਸਿੰਘ ਜੱਸੀ ਵੱਲੋਂ ਗਰੀਬ ਬੱਚਿਆਂ ਨੂੰ ਪੜਾਉਣ ਨੂੰ ਦੱਸਿਆ ਨੋਵਲ ਕਾਰਜ



**ਸ਼ੇਰਪੁਰ, 1 ਮਾਰਚ (ਪੱਤਰ ਪ੍ਰੇਰਕ )**-ਸ੍ਰੀ ਗੁਰੂ ਨਾਨਕ ਸੇਵਾ ਮਿਸ਼ਨ ਦੇ ਮੁੱਖ ਪ੍ਰਬੰਧਕ ਅਤੇ ਪੰਜਾਬੀ ਸੱਭਿਆਚਾਰਕ ਸੱਥ ਦੇ ਸੂਬਾ ਸਰਪ੍ਰਸਤ , ਸਮਾਜ ਸੇਵੀ , ਭਾਨ ਸਿੰਘ ਜੱਸੀ ਨੂੰ ਚੰਡੀਗੜ੍ਹ ਵਿਖੇ ਹੋਏ ਸਮਾਗਮ ਦੌਰਾਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਪੋਤੇ ਡਾਕਟਰ ਭੀਮ ਰਾਓ ਜਸਵੰਤ ਅੰਬੇਡਕਰ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਜ ਸੇਵੀ ਇੰਜ: ਭਾਨ ਸਿੰਘ ਜੱਸੀ ਰਟਾ: ਜੇ.ਈ ਪਾਵਰਕੌਮ ਨੂੰ ਡਾਕਟਰ ਅੰਬੇਡਕਰ ਦੇ ਪੋਤਾ ਜੀ ਵੱਲੋਂ ਸਨਮਾਨ ਪੱਤਰ ਭੇਂਟ ਕਰਕੇ ਸਨਮਾਨਿਤ ਕੀਤੇ ਜਾਣ ਤੇ ਖੁਸ਼ੀ ਪ੍ਰਗਟ ਕਰਦਿਆਂ ਭਾਰਤੀ ਘੱਟ ਗਿਣਤੀਆਂ ਕਮਿਸ਼ਨ (ਭਾਰਤ ਸਰਕਾਰ ) ਦੇ ਸਾਬਕਾ ਉਪ ਚੇਅਰਮੈਨ ਪ੍ਰੋਫੈਸਰ ਬਾਵਾ ਸਿੰਘ , ਪੰਜਾਬੀ ਸੱਭਿਆਚਾਰਕ ਸੱਥ ਦੇ ਪ੍ਰਧਾਨ ਕਰਮਜੀਤ

ਆਵਾਜ਼ਿ ਕੌਮ AWAZE QAUM International Newspaper & WEB TV

ਨੌਧਰਾਣੀ, ਮਨਰੇਗਾ ਆਗੂ ਰੇਸ਼ਮ ਸਿੰਘ ਕਾਹਲੋ , ਗੁਰਮੁਖ ਸਿੰਘ ਢੋਲਣ ਮਾਜਰਾ ,ਸੱਥ ਦੇ ਸਲਾਹਕਾਰ ਸਰਪੰਚ ਮੁਲਖਾ ਸਿੰਘ ਕੁੰਨਰ , ਸਰਪੰਚ ਯੂਨੀਅਨ ਜਿਲਾ ਸੰਗਰੂਰ ਦੇ ਪ੍ਰਧਾਨ ਸਰਪੰਚ ਜਸਵੀਰ ਸਿੰਘ ਛੰਨਾ ਆਦਿ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਕੀਤਾ ਗਿਆ, ਅਪਰੋਕਤ ਆਗੂਆਂ ਨੇ ਦੱਸਿਆ ਕਿ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਜਿੱਥੇ ਮਹਿਕਮਾ ਪਾਵਰਕੌਮ ਵਿੱਚ ਬਤੌਰ ਜੇ.ਈ ਕੰਮ ਕਰਦਿਆਂ ਵੀ ਇਮਾਨਦਾਰ ਕਦਰਾਂ ਕੀਮਤਾਂ ਦਾ ਪੱਲਾ ਨਹੀਂ ਛੱਡਿਆ ਉੱਥੇ , ਉਨਾਂ ਵੱਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲਗਭਗ 20 ਸਾਲਾਂ ਤੋਂ ਲਗਾਤਾਰ ਝੁੱਗੀਆਂ ਅਤੇ ਸਲਮ ਖੇਤਰਾਂ ਵਿੱਚ ਰਹਿੰਦੇ ਗਰੀਬਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦੇਣ ਦੀ ਸੇਵਾ , " ਸਰਬੱਤ ਦੇ ਭਲੇ " ਦੇ ਸੰਕਲਪ ਨੂੰ ਮੁੱਖ ਰੱਖਦਿਆਂ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਨਿਭਾਈ ਜਾ ਰਹੀ ਹੈ।

# ਸ਼ਹੀਦ ਸ਼ੁਭਕਰਨ ਨੂੰ ਇਨਸਾਫ ਦਵਾਉਣ ਲਈ ਰੋਸ ਪ੍ਰਦਰਸ਼ਨ

ਮਲੇਰਕੋਟਲਾ ( ਰਣਜੀਤ ਸਿੰਘ ਪੇਧਨੀ )ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਜਾ ਰਹੇ ਕਿਸਾਨਾਂ ਉੱਪਰ ਹਰਿਆਣਾ ਪੁਲਿਸ ਵੱਲੋਂ ਪੰਜਾਬ ਹਰਿਆਣਾ ਹੱਦ ਤੇ ਪਿਛਲੇ ਦਿਨੀਂ ਤਸ਼ੱਦਦ ਕਰਨ ਕਰਕੇ ਇੱਕ ਨੌਜਵਾਨ ਸ਼ੁਭਕਰਨ ਦੀ ਮੌਤ ਹੋ ਗਈ ਅਤੇ 250 ਦੇ ਕਰੀਬ ਕਿਸਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹਨ। ਇਸ ਬਰਬਰਤਾ ਦੇ ਖ਼ਿਲਾਫ਼ ਪੂਰੇ ਦੇਸ਼ ਦੇ ਕਿਸਾਨਾਂ ਵਿੱਚ ਰੋਸ਼ ਹੈ। ਕਿਰਤੀ ਕਿਸਾਨ ਯੂਨੀਅਨ ਵੱਲੋਂ ਦਿੱਤੇ ਪੰਜਾਬ ਪੱਧਰੀ ਸੱਦੇ ਤਹਿਤ ਅੱਜ ਕਿਸਾਨ ਵੱਡੀ ਗਿਣਤੀ ਵਿੱਚ ਦਾਣਾ ਮੰਡੀ ਵਿੱਚ ਇਕੱਠੇ ਹੋਏ ਅਤੇ ਡੀਸੀ ਦਫਤਰ ਮਲੇਰਕੋਟਲਾ ਤੱਕ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਆਗੂ ਚਮਕੌਰ ਸਿੰਘ ਹਥਨ ,ਰੁਪਿੰਦਰ ਸਿੰਘ ਚੌਂਦਾ, ਬਲਾਕ ਪ੍ਰਧਾਨ ਮਾਨ ਸਿੰਘ ਸੱਦੋਪੁਰ ਨੇ ਦੱਸਿਆ ਕਿ ਆਪਣੀਆਂ ਹੱਕੀ ਮੰਗਾਂ ਲਈ ਕਿਸਾਨ ਦਿੱਲੀ ਜਾ ਰਹੇ ਸਨ ਪਰ ਕਥਿਤ ਤੌਰ ਤੇ ਲੋਕਤੰਤਰ ਨੂੰ ਪੈਰਾਂ ਹੇਠ ਮਧੋਲਦਿਆਂ ਅਤੇ ਪ੍ਰਦਰਸ਼ਨ ਕਰਨ ਦੇ ਹੱਕ ਤੇ ਰੋਕ ਲਾਉਂਦਿਆਂ ਪੰਜਾਬ ਹਰਿਆਣਾ ਹੱਦ ਤੇ ਭਾਰੀ ਬੈਰੀਕੇਡ ਕਰਕੇ ਕਿਸਾਨਾਂ ਨੂੰ ਰੋਕਿਆ ਗਿਆ ਅਤੇ ਉਨਾਂ ਉੱਪਰ ਅੱਥਰੂ ਗੈਸ,ਰਬੜ ਦੀਆਂ ਗੋਲੀਆਂ ਅਤੇ ਪੈਲਟ ਗੰਨ, ਸਮੇਤ ਸਿੱਧੀਆਂ ਗੋਲੀਆਂ ਵੀ ਮਾਰੀਆਂ ਗਈਆਂ ।ਜਿਸ ਕਾਰਨ ਵੱਡੀ ਗਿਣਤੀ ਕਿਸਾਨ ਜਖਮੀ ਹੋਏ ਅਤੇ ਇੱਕ ਕਿਸਾਨ ਸ਼ਹੀਦ ਹੋ ਗਿਆ ।ਕਿਸਾਨਾਂ ਤੇ ਹੋਏ ਇਸ ਤਸ਼ੱਦਦ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ,ਹਰਿਆਣੇ ਦੇ ਮੁੱਖ ਮੰਤਰੀ ਖੱਟਰ ਅਤੇ ਗ੍ਰਹਿ ਮੰਤਰੀ ਅਨਿਲ ਵਿੱਜ ਸਿੱਧੇ ਤੌਰ ਤੇ ਜਿੰਮੇਵਾਰ ਹਨ ਪੰਜਾਬ ਸਰਕਾਰ ਫੌਰੀ ਇਹਨਾਂ ਤਿੰਨਾਂ ਉੱਪਰ ਕਤਲ ਦਾ ਮੁਕਦਮਾ ਦਰਜ ਕਰੇ ਅਤੇ ਇੱਕ ਕਿਸਾਨ ਨੂੰ ਅਗਵਾਹ ਕਰਨ ਅਤੇ ਕਿਸਾਨਾਂ ਦੇ ਟਰੈਕਟਰ ਭੰਨਣ ਦਾ ਵੀ ਮੁਕੱਦਮਾ ਦਰਜ ਕਰੇ ਤੇ ਪੂਰੇ ਮਾਮਲੇ ਦੀ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ ਨਿਆਇਕ ਜਾਂਚ ਕਰਵਾਈ ਜਾਵੇ ਅਤੇ ਦਿੱਲੀ ਜਾ ਰਹੇ ਕਿਸਾਨਾਂ ਲਈ ਬੰਦ ਕੀਤੇ ਰਸਤਿਆਂ ਨੂੰ ਤੁਰੰਤ ਖੋਲਿਆ ਜਾਵੇ ਤੇ ਕਿਸਾਨਾਂ ਨੂੰ ਦਿੱਲੀ ਜਾਣ ਦਿੱਤਾ ਜਾਵੇ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਚੌਂਦਾ, ਸਮਸੇਰ ਸਿੰਘ ਆਦਮਵਾਲ ਅਤੇ ਲਾਭ ਸਿੰਘ ਨੱਥੋਹੇੜੀ ਨੇ ਕਿਹਾ ਕਿ ਭਾਰਤ ਸਰਕਾਰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਅਤੇ ਗੈਟ ਸਮਝੌਤੇ ਨੂੰ ਇੰਨ ਬਿੰਨ ਲਾਗੂ ਕਰ ਰਹੀ ਹੈ ਜਿਸ ਕਰਕੇ ਅੱਜ ਖੇਤੀ ਖੇਤਰ, ਸਨਅਤ ਅਤੇ ਸਰਵਿਸ ਸੈਕਟਰ ਕਾਰਪੋਰੇਟ ਦੇ ਹਵਾਲੇ ਕੀਤਾ ਜਾ ਰਿਹਾ ਹੈ ਜਿਸ ਕਾਰਨ ਦੇਸ਼ ਵਿੱਚ ਤੇਜ਼ੀ ਨਾਲ ਮਹਿੰਗਾਈ ਅਤੇ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਅਮੀਰ ਗਰੀਬ ਦਾ ਪਾੜਾ ਵੱਧ ਰਿਹਾ ਹੈ। ਜੇਕਰ ਖੇਤੀ ਸੈਕਟਰ ਨੂੰ ਵਿਸ਼ਵ ਵਪਾਰ ਸੰਸਥਾ ਤੋਂ ਮੁਕਤ ਨਾ ਕਰਵਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਸਾਰਾ ਅਨਾਜ ਇਹਨਾਂ ਕਾਰਪੋਰੇਟਾਂ ਦੇ ਹੱਥ ਆ ਜਾਵੇਗਾ ਤੇ ਦੇਸ਼ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪਵੇਗਾ। ਅੰਤ ਵਿੱਚ ਆਗੂਆਂ ਨੇ ਸੰਯੁਕਤ ਮੋਰਚੇ ਦੇ ਸੱਦੇ ਤਹਿਤ 14 ਮਾਰਚ ਨੂੰ ਦਿੱਲੀ ਪੰਚਾਇਤ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਮਲ ਬੁਰਜ, ਸੁਖਵਿੰਦਰ ਸਿੰਘ ਡੂੰਘਾ, ਗੁਰਬਚਨ ਸਿੰਘ, ਕੁਲਵਿੰਦਰ ਸਿੰਘ,ਜਸਵੀਰ ਸਿੰਘ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

### ਪੰਜਾਬ ਯੂਥ ਕਾਂਗਰਸ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਘਰ-ਘਰ ਪ੍ਰਚਾਰ ਕਰੇਗੀ—ਮੋਹਿਤ ਮਹਿੰਦਰਾ

# ਯੂਥ ਕਾਂਗਰਸ ਵੱਲੋਂ ਜੈ ਜਵਾਨ ਜੈ ਕਿਸਾਨ ਜੈ ਨੌਜਵਾਨ ਮੁਹਿੰਮ ਤਹਿਤ ਪੈਦਲ ਮਾਰਚ

ਫ਼ਿਰੋਜ਼ਪੁਰ, 1 ਮਾਰਚ (ਮਨੋਹਰ ਲਾਲ) :— ਪੰਜਾਬ ਯੂਥ ਕਾਂਗਰਸ ਨੇ ਅੱਜ ਪੰਜਾਬ ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਘਰ ?ਘਰ ਮੁਹਿੰਮ ਚਲਾਈ। ਅੱਜ ਫਿਰੋਜ਼ਪੁਰ ਵਿੱਚ ਆਪਣੇ ਫਲੈਗਸ਼ਿਪ ਪ੍ਰੋਗਰਾਮ "ਜੈ ਜਵਾਨ ਜੈ ਕਿਸਾਨ ਜੈ ਨੋਜਵਾਨ" ਲਈ ਜਾਗਰੂਕਤਾ ਮੁਹਿੰਮ ਚਲਾਈ ਗਈ। ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਪੰਜਾਬ ਦੇ ਸਾਰੇ 13ਵੇਂ ਸੰਸਦੀ ਹਲਕਿਆਂ ਤੋਂ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਹਰ ਵਿਧਾਨ ਸਭਾ ਹਲਕੇ ਨੂੰ ਘਰ ?ਘਰ ਜਾ ਕੇ ਘੇਰਿਆ ਜਾਵੇਗਾ। ਅੱਜ ਪੁੱਡਾ ਕਲੋਨੀ ਤੋਂ ਸ਼ੁਰੂ ਹੋ ਕੇ ਸ਼ਹੀਦ ਊਧਮ ਸਿੰਘ ਚੌਕ ਫਿਰੋਜ਼ਪੁਰ ਤੱਕ ਪੈਦਲ ਮਾਰਚ ਵਿੱਚ 400 ਤੋਂ ਵੱਧ ਬੇਰੁਜ਼ਗਾਰ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਮਾਰਚ ਤੋਂ ਬਾਅਦ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਸਮੇਤ ਕੁਲਵੀਰ ਜ਼ੀਰਾ ਤੇ ਹੋਰਨਾਂ ਨੇ ਹੁਸੈਨੀਵਾਲਾ ਬਾਰਡਰ 'ਤੇ ਸ਼ਰਧਾਂਜਲੀ ਭੇਟ ਕੀਤੀ।



ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੋਹਿਤ ਮਹਿੰਦਰਾ ਨੇ ਕਿਹਾ ਕਿ ਅੱਜ ਯੂਥ ਕਾਂਗਰਸ ਪੰਜਾਬ ਵਿੱਚ ਪ੍ਰਦੇਸ਼ ਕਾਂਗਰਸ ਲਈ ਆਪਣੀ ਹਮਾਇਤੀ ਭੂਮਿਕਾ ਨਿਭਾਉਂਦੇ ਹੋਏ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਜ਼ੋਰਦਾਰ ਪ੍ਰਚਾਰ ਕਰਨ ਲਈ ਤਿਆਰ ਹੈ। ਯੂਥ ਕਾਂਗਰਸ ਪਾਰਟੀ ਉਮੀਦਵਾਰਾਂ ਦੀ ਚੋਣ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਏਗੀ, ਨੌਜਵਾਨ ਕਾਂਗਰਸ ਪਾਰਟੀ ਦੀ ਰੀੜ੍ਹ ਦੀ ਹੱਡੀ ਹੈ, ਅਸੀਂ ਕਿਸਾਨਾਂ, ਨੌਜਵਾਨਾਂ ਅਤੇ ਅਗਨੀਵੀਰਾਂ ਦਾ ਮੁੱਦਾ ਪੰਜਾਬ ਦੇ ਹਰ ਘਰ ਤੱਕ ਲੈ ਕੇ ਜਾਵਾਂਗੇ। ਕਿਸਾਨਾਂ ਦੇ ਮੁੱਦੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮਸਲੇ ਦਾ ਹੱਲ ਸਿਆਸੀ ਸੋਚ ਨਾਲ ਹੀ ਹੋ ਸਕਦਾ ਹੈ। ਦੀ ਯੋਗ ਅਗਵਾਈ ਹੇਠ ਕਾਂਗਰਸ ਪਾਰਟੀ ਰਾਹੁਲ ਗਾਂਧੀ ਨੇ ਪਹਿਲਾਂ ਹੀ ਕਿਸਾਨਾਂ ਨੂੰ ਪੂਰਾ ਸਮਰਥਨ ਦਿੱਤਾ ਹੈ ਅਤੇ ਉਨ੍ਹਾਂ ਨੂੰ ਇਹ ਵੀ ਵਚਨਬੱਧ ਕੀਤਾ ਹੈ ਕਿ 2024 ਵਿੱਚ ਸਰਕਾਰ ਬਣਨ ਤੋਂ ਬਾਅਦ, ਕਾਂਗਰਸ ਪਾਰਟੀ ਸਾਰੀਆਂ 22 ਫਸਲਾਂ ਤੇ ਐਮ.ਐਸ.ਪੀ ਲਿਆਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਘੱਟੋ—ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ ਕਿਉਂਕਿ ਉਹ ਪਹਿਲਾਂ ਹੀ ਕਿਸਾਨ ਯੂਨੀਅਨਾਂ ਨਾਲ ਇਹ ਵਾਅਦਾ ਕਰ ਚੁੱਕੇ ਹਨ।

ਸ੍ਰੀ ਮੋਹਿਤ ਨੇ ਇਹ ਵੀ ਕਿਹਾ ਕਿ ਕੀ ਭਾਰਤ ਦੇ ਪ੍ਰਧਾਨ ਮੰਤਰੀ ਇਹ ਅੰਕੜਾ ਦੇ ਸਕਦੇ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਨੌਂ ਸਾਲਾਂ ਵਿੱਚ ਕਿੰਨੇ ਬੇਰੁਜ਼ਗਾਰ ਦਿੱਤੇ ਹਨ। ਅੱਜ ਹਰ ਛੇਵਾਂ ਗ੍ਰੈਜੂਏਟ ਬੇਰੁਜ਼ਗਾਰ ਹੈ ਜਦੋਂ ਕਿ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ 9 ਸਾਲਾਂ ਵਿੱਚ 22 ਕਰੋੜ ਬੇਰੁਜ਼ਗਾਰਾਂ ਨੇ ਕੇਂਦਰ ਸਰਕਾਰ ਵਿੱਚ ਨੌਕਰੀਆਂ ਲਈ ਅਰਜ਼ੀਆਂ ਦਿੱਤੀਆਂ ਹਨ। ਭਾਰਤ ਵਿੱਚ ਵਿਸ਼ਵ ਵਿੱਚ ਨੌਜਵਾਨ ਵੋਟਰਾਂ ਦੀ ਸਭ ਤੋਂ ਵੱਧ ਆਬਾਦੀ ਹੈ ਜਦੋਂ ਕਿ ਸਾਡੇ 60% ਨੌਜਵਾਨ ਬੇਰੁਜ਼ਗਾਰ ਹਨ। 42% 20 ਤੋਂ 24 ਸਾਲ ਦੀ ਉਮਰ ਦੇ ਵਿਚਕਾਰ ਬੇਰੁਜ਼ਗਾਰ ਹਨ। ਦੇਸ਼ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਦੇਸ਼ ਵਿੱਚ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਤੋਂ ਸਰਕਾਰ ਨੇ ਅੱਖਾਂ ਬੰਦ ਕਰ ਲਈਆਂ ਹਨ। ਅੱਜ ਦੇਸ਼ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਜਿਸ ਕਾਰਨ ਬੇਰੁਜ਼ਗਾਰੀ ਦੀ ਦਰ ਕਈ ਗੁਣਾ ਵੱਧ ਗਈ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਇਸ ਮੋਦੀ ਸਰਕਾਰ ਨੇ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਜਿਸ ਨਾਲ 16 ਕਰੋੜ ਨੌਕਰੀਆਂ ਬਣਦੀਆਂ ਹਨ ਪਰ ਅਸਲੀਅਤ ਇਹ ਹੈ ਕਿ ਕੇਂਦਰ ਸਰਕਾਰ ਵਿੱਚ 22 ਕਰੋੜ ਨੌਜਵਾਨਾਂ ਨੇ ਵੱਖ ?ਵੱਖ ਨੌਕਰੀਆਂ ਲਈ ਅਪਲਾਈ ਕੀਤਾ ਸੀ, ਜਿਨ੍ਹਾਂ ਵਿੱਚੋਂ 7 ਲੱਖ ਨੂੰ ਨੌਕਰੀਆਂ ਦਿੱਤੀਆਂ ਗਈਆਂ ਸਨ। ਦੇਸ਼ ਦੇ ਨੌਜਵਾਨਾਂ ਨੂੰ ਕੌਮੀ ਬੇਰੁਜ਼ਗਾਰੀ ਦਿਵਸ ਮਨਾਉਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾ ਰਹੇ ਇਮੀਗ੍ਰੇਸ਼ਨ ਨੂੰ ਛੂਹਦਿਆਂ ਕਿਹਾ ਕਿ ਸਰਕਾਰ ਨੂੰ ਨੌਜਵਾਨਾਂ ਨੂੰ ਹੁਨਰ ਅਧਾਰਤ ਸਿਖਲਾਈ ਦੇ ਕੇ ਆਤਮ ਨਿਰਭਰ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ ਤਾਂ ਜੋ ਉਹ ਵਿਦੇਸ਼ਾਂ ਵਿੱਚ ਹਰਿਆਲੀ ਵੱਲ ਆਕਰਸ਼ਿਤ ਨਾ ਹੋਣ। ਅਗਨੀਵੀਰਾਂ ਦੇ ਮੁੱਦੇ ਤੇ ਮੋਹਿਤ ਨੇ ਕਿਹਾ ਕਿ 60 ਤੋਂ ਵੱਧ ਅਜਿਹੇ ਨੌਜਵਾਨ ਉਮੀਦਵਾਰ, ਜੋ ਆਪਣੇ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਸਨ, ਨੇ ਲਿਖਤੀ ਪ੍ਰੀਖਿਆ ਸਮੇਤ ਭਰਤੀ ਦੇ ਮਾਪਦੰਡਾਂ ਨੂੰ ਪਾਸ ਕਰਨ ਤੇ ਚੁਣੇ ਜਾਣ ਦੇ ਬਾਵਜੂਦ ਰੱਖਿਆ ਬਲਾਂ ਵਿੱਚ ਭਰਤੀ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਖੁਦਕੁਸ਼ੀ ਕਰ ਲਈ ਹੈ। ਇੰਟਰਵਿਊ, ਸਰੀਰਕ ਅਤੇ ਮੈਡੀਕਲ ਟੈਸਟ ਡੇਢ ਲੱਖ ਦੇ ਕਰੀਬ ਪਰਿਵਾਰਾਂ ਦੀ ਇਸ ਤਰਸਯੋਗ ਦੁਰਦਸ਼ਾ ਲਈ ਕੇਂਦਰ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ, ਜਿਨ੍ਹਾਂ ਚੋਂ ਕੁਝ ਪਰਿਵਾਰਾਂ ਨੇ ਆਪਣੇ ਨਾਲ ਹੋਈ ਬੇਇਨਸਾਫੀ ਨੂੰ ਬਰਦਾਸ਼ਤ ਨਹੀਂ ਕੀਤਾ ਅਤੇ ਇਹ ਕਦਮ ਚੁੱਕਿਆ। ਸ: ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਵਰ੍ਹਦਿਆਂ ਸ: ਕੁਲਵੀਰ ਸਿੰਘ ਜ਼ੀਰਾ ਪ੍ਰਧਾਨ ਜਿਲ੍ਹਾ ਕਾਂਗਰਸ ਕਮੇਟੀ ਫਿਰੋਜ਼ਪੁਰ ਸ਼ਹਿਰੀ ਨੇ ਕਿਹਾ ਕਿ ਬਹੁਤ ਜਲਦ ਮੈਂ ਮੁੱਖ ਮੰਤਰੀ ਦੀ ਵੀਡੀਉ ਜਾਰੀ ਕਰਾਂਗਾ ਜਿੱਥੇ ਉਹ ਕਹਿ ਰਹੇ ਹਨ ਕਿ ਪੰਜਾਬ ਵਿੱਚ ਸਰਕਾਰ ਬਣਨ ਤੋਂ ਬਾਅਦ ਉਹ 22 ਫਸਲਾਂ ਤੇ ਤੁਰੰਤ ਐਮ.ਐਸ.ਪੀ ਦੇਣਗੇ, ਪਰ ਅੱਜ ਅਫ਼ਸੋਸ ਦੀ ਗੱਲ ਹੈ ਕਿ ਦੋ ਸਾਲਾਂ ਬਾਅਦ ਹੁਣ ਉਹ ਕੇਂਦਰ ਸਰਕਾਰ ਨੂੰ ਐਮਐਸਪੀ ਦੇਣ ਦੀ ਜ਼ਿੰਮੇਵਾਰੀ ਬਦਲ ਰਿਹਾ ਹੈ। ਇਸ ਮੌਕੇ ਮੋਹਿਤ ਦੇ ਨਾਲ ਮੁਕੇਸ਼ ਰਾਏ ਇੰਚਾਰਜ ਪੀ.ਵਾਈ.ਸੀ, ਆਸ਼ੂ ਬੰਗੜ, ਹਰਿੰਦਰ ਸਿੰਘ ਖੋਸਾ, ਰਿੰਕੂ ਗਰੋਵਰ, ਸੁਖਵਿੰਦਰ ਸਿੰਘ ਅਟਾਰੀ, ਪਰਮਿੰਦਰ ਸਿੰਘ ਲੱਡਾ, ਯਾਕੂਬ ਭੱਟੀ, ਮਹਿਕਦੀਪ ਸਿੰਘ ਜ਼ੀਰਾ, ਕਰਨ ਬਰਾੜ, ਗੁਰਮੇਲ ਸਿੰਘ ਬੁਰਜ, ਇਸ਼ਪਾਲ ਸਿੰਘ ਜ਼ੀਰਾ, ਬਾਲੀ ਸਿੰਘ ਉਸਮਾਨਵਾਲਾ, ਇੰਦਰਜੀਤ ਸਿੰਘ ਸੰਧੂ, ਵਿਜੇ ਗੋਰੀਆ, ਰੂਬਲ ਵਿਰਦੀ, ਗੁਰਮੀਤ ਸਿੰਘ ਜੱਟਾਂਵਾਲੀ, ਦਵਿੰਦਰ ਸਿੰਘ ਜੱਲੇਵਾਲਾ ਆਦਿ ਹਾਜ਼ਰ ਸਨ।

### ਮੋਹਿਤ ਅਤੇ ਜ਼ੀਰਾ ਨੇ ਹੁਸੈਨੀਵਾਲਾ ਸਰਹੱਦ ਤੇ ਸ਼ਰਧਾਂਜਲੀ ਭੇਟ ਕੀਤੀ

ਆਵਾਜ਼ਿ ਕੌਮ AWAZE QAUM International Newspaper & WEB TV

### ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ

# 3 ਮਾਰਚ ਦੀ ਬਠਿੰਡਾ ਰੈਲੀ ਦੀਆਂ ਤਿਆਰੀਆਂ ਮੁਕੰਮਲ

ਫ਼ਿਰੋਜ਼ਪੁਰ, 1 ਮਾਰਚ (ਮਨੋਹਰ ਲਾਲ) :— ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 3 ਮਾਰਚ ਨੂੰ ਬਠਿੰਡਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਸ ਰੈਲੀ ਵਿਚ ਵੱਡਾ ਇਕੱਠ ਸਰਕਾਰ ਦੀਆਂ ਚੂਲਾਂ ਹਿਲਾ ਦੇਵੇਗਾ। ਇਸ ਮੌਕੇ ਜੇ.ਪੀ.ਐਮ.ਓ ਫਿਰੋਜ਼ਪੁਰ ਵੱਲੋਂ ਜਿਲਾ ਕਨਵੀਨਰ ਸੁਰਿੰਦਰ ਸਿੰਘ ਤੇ ਕਿਸ਼ਨ ਚੰਦ ਜਾਗੋਵਾਲੀਆ ਦੀ ਪ੍ਰਧਾਨਗੀ ਹੇਠ ਨੌਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਜਿਲੇ ਭਰ ਤੋਂ ਕੇਂਦਰ ਤੇ ਰਾਜ ਸਰਕਾਰ ਦੇ ਮੁਲਾਜ਼ਮ ਪੈਨਸ਼ਨਰ ਤੋਂ ਇਲਾਵਾ ਵਿਸ਼ਵਕਰਮਾ ਨਿਰਮਾਣ ਯੂਨੀਅਨ, ਫੂਡ ਐਂਡ ਅਲਾਈਡ ਮਜ਼ਦੂਰ ਯੂਨੀਅਨ, ਐਫ.ਸੀ.ਆਈ ਵਰਕਰ ਯੂਨੀਅਨ, ਆਟੋ ਰਿਕਸ਼ਾ ਯੂਨੀਅਨ, ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਸਮੇਂ ਸੁਭਾਸ਼ ਸ਼ਰਮਾ ਕੋ—ਆਰਡੀਨੇਟਰ ਜੇ.ਪੀ.ਐਮ.ਓ, ਮਹਿੰਦਰ ਸਿੰਘ ਧਾਲੀਵਾਲ ਖਜਾਨਚੀ, ਗੁਰਦੇਵ ਸਿੰਘ ਸਿੱਧੂ, ਜੋਗਾ ਸਿੰਘ, ਡਾਕਟਰ ਪ੍ਰਦੀਪ ਰਾਣਾ, ਜਗਤਾਰ ਸਿੰਘ, ਦੇਸ ਰਾਜ, ਸਤਪਾਲ ਤੇਜੀ, ਰਜੀਵ ਹਾਂਡਾ, ਬਲਕਾਰ ਸਿੰਘ ਮਾੜੀ ਮੇਘਾ, ਜਗਜੀਤ ਸਿੰਘ, ਮੇਹਰ ਸਿੰਘ, ਪਰਮੋਦ ਗੋਗਾ, ਤਰਲੋਕ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਮੁਲਾਜ਼ਮ, ਪੈਨਸ਼ਨਰ, ਮਜ਼ਦੂਰ, ਕਿਸਾਨ, ਨੌਜਵਾਨ ਵਿਦਿਆਰਥੀ ਅਤੇ ਮਿਹਨਤਕਸ਼ ਵਰਗ ਦਾ ਜੀਵਨ ਜਿਉਣਾ ਮੁਹਾਲ ਹੋ ਗਿਆ ਹੈ। ਉਹਨਾਂ ਕਿਹਾ ਕਿ ਪਬਲਿਕ ਸੈਕਟਰ ਨੂੰ ਤੋੜ ਕੇ ਨਿੱਜੀਕਰਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਨੌਜਵਾਨਾਂ ਨੂੰ ਬੇਰੁਜ਼ਗਾਰ ਨਹੀਂ ਮਿਲ ਰਿਹਾ, 40 ਕਿਰਤ ਕਨੂੰਨਾਂ ਨੂੰ ਬਦਲ ਕੇ ਚਾਰ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਤਹਿਤ ਮਜ਼ਦੂਰਾਂ ਨੂੰ ਥੋੜੀਆਂ ਬਹੁਤੀਆਂ ਮਿਲਦੀਆਂ ਸਹੂਲਤਾਂ ਬੰਦ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਡਰਾਈਵਰ ਵਿਰੋਧੀ ਹਿੱਟ ਐਂਡ ਰਨ ਕਾਨੂੰਨ ਮੁਕੰਮਲ ਬੰਦ ਕੀਤਾ ਜਾਵੇ, ਹਰ ਬਾਲਕ ਕਿਰਤੀ ਨੂੰ ਘੱਟੋ—ਘੱਟ 700 ਰੁਪਏ ਦਿਹਾੜੀ ਸਹਿਤ ਪੂਰਾ ਸਾਲ ਕੰਮ ਦਿੱਤਾ ਜਾਵੇ, ਐਮ.ਐਸ.ਪੀ. ਤੇ ਕਾਨੂੰਨ ਬਣਾਇਆ ਜਾਵੇ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ ਆਦਿ ਮੰਗਾਂ ਲਈ 3 ਮਾਰਚ ਦੀ ਬਠਿੰਡਾ ਰੈਲੀ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆ ਹਨ। ਉਨ੍ਹਾਂ ਕਿਹਾ ਕਿ ਰੈਲੀ ਵਿੱਚ ਫਿਰੋਜ਼ਪੁਰ ਤੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਪਰਮੋਦ ਗੋਗਾ, ਜਗਦੀਪ ਮਾਂਗਟ, ਦਲਜੀਤ ਸਿੰਘ ਯਾਰੇਸ਼ਾਹ ਵਾਲਾ, ਨਿਸ਼ਾਨ ਸਿੰਘ, ਗੁਰਬੀਰ ਸਿੰਘ, ਰਮੇਸ਼ ਭੱਟੀ, ਸੁਖਦੇਵ ਸਿੰਘ, ਹਰਬੰਸ ਸਿੰਘ, ਰਮੇਸ਼ ਸ਼ਰਮਾ, ਤਰਸੇਮ ਸਿੰਘ ਬੇਦੀ, ਪਿਆਰਾ ਸਿੰਘ, ਰਨਬੀਰ ਕੁੱਕੂ, ਪਰਮਜੀਤ ਸਿੰਘ, ਮੱਖਣ ਸਿੰਘ ਆਦਿ ਹਾਜਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਆਧੁਨਿਕ ਲਾਇਬਰੇਰੀ ਹੋਈ ਲੋਕ ਅਰਪਿਤ



**ਫ਼ਿਰੋਜ਼ਪੁਰ, 1 ਮਾਰਚ (ਮਨੋਹਰ ਲਾਲ) :—** ਫ਼ਿਰੋਜ਼ਪੁਰ ਸ਼ਹਿਰ ਦੇ ਕੱਚਾ ਜੀਰਾ ਰੋਡ 'ਤੇ ਸਥਿਤ ਲਾਇਬਰੇਰੀ ਹੋਈ ਲੋਕ ਅਰਪਿਤ। ਇਸ ਲਾਈਬਰੇਰੀ ਦੇ ਉਦਘਾਟਨ ਸਬੰਧੀ ਗੱਲਬਾਤ ਕਰਦਿਆਂ ਸੀ.ਏ ਵਰਿੰਦਰ ਮੋਹਨ ਸਿੰਘਲ ਨੇ ਦੱਸਿਆ ਕਿ ਇਸ ਲਾਇਬ੍ਰੇਰੀ ਦਾ ਉਦਘਾਟਨ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ ਦੇ ਮੀਤ ਪ੍ਰਧਾਨ ਚਰਨਜੋਤ ਸਿੰਘ ਨੰਦਾ ਨੇ ਵੀਡੀਓ ਕਾਨਫਰੰਸ ਰਾਹੀਂ ਕੀਤਾ ਹੈ। ਸੀ.ਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਕਿ ਇਹ ਲਾਇਬ੍ਰੇਰੀ ਫ਼ਿਰੋਜ਼ਪੁਰ ਲਈ ਬਹੁਤ ਹੀ ਖੁਸ਼ੀ ਦੀ ਗੱਲ ਹੈ, ਕਿਉਂਕਿ ਮੋਗਾ, ਫਾਜ਼ਿਲਕਾ, ਤਲਵੰਡੀ, ਜ਼ੀਰਾ ਅਤੇ ਆਸ—ਪਾਸ ਦੇ ਲੋਕਾਂ ਨੂੰ ਇਸ ਲਾਇਬਰੇਰੀ ਦਾ ਕਾਫੀ ਫਾਇਦਾ ਮਿਲੇਗਾ। ਇਸ ਮੌਕੇ ਫ਼ਿਰੋਜ਼ਪੁਰ ਦੇ ਸਮੂਹ ਸੀ.ਏ ਸਟਾਫ਼ ਨੇ ਸੀ.ਏ ਵਰਿੰਦਰ ਮੋਹਨ ਸਿੰਘਲ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ ਅਤੇ ਕਿਹਾ ਕਿ ਤੁਸੀਂ ਚਾਰਟਰਡ ਅਕਾਊਂਟੈਂਸੀ ਕਰਨ ਵਾਲੇ ਬੱਚਿਆਂ ਲਈ ਜੋ ਸਭ ਤੋਂ ਵੱਡੀ ਗੱਲ ਸੋਚੀ ਹੈ, ਇਸ ਦਾ ਸਾਰਾ ਸਿਹਰਾ ਸੀ.ਏ ਵਰਿੰਦਰ ਮੋਹਨ ਸਿੰਘਲ ਨੂੰ ਜਾਂਦਾ ਹੈ। ਇਸ ਮੌਕੇ ਸੀ.ਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਕਿ ਚਾਰਟਰਡ ਅਕਾਊਂਟੈਂਸੀ ਕਰਨ ਵਾਲੇ ਬੱਚੇ ਇਸ ਲਾਇਬ੍ਰੇਰੀ ਦਾ ਲਾਭ ਉਠਾ ਸਕਦੇ ਹਨ, ਜਿਸ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਤੁਸੀਂ ਸ਼ਾਂਤ ਮਾਹੌਲ ਵਿੱਚ ਘੰਟਿਆਂ ਬੱਧੀ ਅਧਿਐਨ ਕਰ ਸਕਦੇ ਹੋ, ਇਸ ਚ ਤੁਹਾਨੂੰ ਸਹੂਲਤ ਵੀ ਮਿਲੇਗੀ, ਜਿਥੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਇੱਥੇ ਆਉਣਾ ਪਸੰਦ ਕਰਨਗੇ। ਉਨ੍ਹਾਂ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਇੰਟਰਨੈਟ, ਵਾਸ਼ਰੂਮ, ਵਾਈ—ਫਾਈ ਵਰਗੀਆਂ ਸੁਵਿਧਾਵਾਂ ਵੀ ਉਪਲਬਧ ਹੋਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਪਖੰਡੀ ਬਾਬਿਆਂ ਦੇ ਡੇਰੇ ਕਿਸੇ ਵੀ ਕੀਮਤ ਨਹੀਂ ਚੱਲਣ ਦੇਵਾਂਗੇ—ਫੈਡਰੇਸ਼ਨ ਮਹਿਤਾ

## ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਬਰਦਾਸ਼ਤ ਨਹੀਂ ਕਰਾਂਗੇ—ਭਾਈ ਜ਼ਸਪਾਲ ਸਿੰਘ



ਫ਼ਿਰੋਜ਼ਪੁਰ, 1 ਮਾਰਚ (ਮਨੋਹਰ ਲਾਲ) :— ਪਿਛਲੇ ਲੰਬੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਅਤੇ ਪਖੰਡੀ ਬਾਬਿਆਂ ਵਿਰੁੱਧ ਆਪਣੀ ਜਦੋ ਜਹਿਦ ਕਰ ਰਹੀ ਸਿੱਖ ਕੌਮ ਦੀ ਸੰਘਰਸ਼ਸ਼ੀਲ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸਨ ਮਹਿਤਾ ਨੇ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਕੀਮਤ ਤੇ ਉਨ੍ਹਾਂ ਪਾਖੰਡੀ ਬਾਬਿਆਂ ਦੇ ਡੇਰੇ ਨਹੀਂ ਚੱਲਣ ਦੇਣਗੇ, ਜ਼ੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆੜ ਹੇਠ ਗੱਦੀਆਂ ਲਾ ਕੇ ਆਪਣੇ ਵਿਚ ਗੈਬੀ ਸ਼ਕਤੀਆਂ ਹੋਣ ਦਾ ਢੌਂਗ ਰਚ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦਾ ਆਰਥਿਕ ਤੇ ਸਰੀਰਕ ਸੋਸ਼ਣ ਕਰਦੇ ਹਨ। ਗੱਲਬਾਤ ਕਰਦਿਆਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਸਕੱਤਰ ਜਰਨੈਲ ਸਿੰਘ ਗਾਬੜੀਆ ਅਤੇ ਜ਼ਿਲ੍ਹਾ ਪ੍ਰਧਾਨ ਡਾ: ਗੁਰਮੀਤ ਸਿੰਘ ਸਿੱਧੂ ਨੇ ਸਪੱਸ਼ਟ ਰੂਪ ਵਿਚ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਣ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ, ਕਿਉਂਕਿ ਗੱਦੀ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ ਹੈ, ਕਿਸੇ ਦੇਹਧਾਰੀ ਮਨੁੱਖ ਕੋਲ ਨਹੀਂ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਸਿਰਫ ਪੈਸਿਆਂ ਦੇ ਲਾਲਚ ਕਰਕੇ ਹੀ ਅਜਿਹੇ ਮਨੁੱਖ ਆਪਣੇ ਵਿਚ ਗੈਬੀ ਸ਼ਕਤੀ ਹੋਣ ਦਾ ਢੌਂਗ ਰਚਦੇ ਹਨ, ਜਿਨ੍ਹਾਂ ਦਾ ਅਸੀਂ ਕਈ ਵਾਰ ਪਰਦਾਫਾਸ਼ ਕਰ ਚੁੱਕੇ ਹਾਂ ਅਤੇ ਅਖੀਰ ਸਾਡੇ ਵੱਲੋਂ ਪੁਛੇ ਸਵਾਲਾਂ ਦੇ ਜੁਆਬ ਉਨ੍ਹਾਂ ਕੋਲ ਨਾ ਹੋਣ ਕਰਕੇ ਅਖੀਰ ਉਨ੍ਹਾਂ ਨੂੰ ਮੁਆਫੀ ਮੰਗਣੀ ਪੈਂਦੀ ਹੈ। ਅਖੀਰ ਵਿਚ ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਹੂ—ਬਹੂ ਲਾਗੂ ਕਰਾਉਣ ਲਈ ਹੀ ਆਪਣੀ ਜਦੋਂ ਜਹਿਦ ਕਰਕੇ ਨਿਸ਼ਕਾਮ ਸੇਵਾ ਕਰ ਰਹੇ ਹਨ, ਪਰ ਕੁਝਲੋਕ ਇਨ੍ਹਾਂ ਪਾਖੰਡੀਆਂ ਦੀ ਮੱਦਦ ਕਰਦੇ ਹਨ, ਉਹ ਵੀ ਬਾਜ ਆ ਜਾਣ ਅਤੇ ਸਗੋਂ ਸਾਡੀ ਕਾਰਵਾਈ ਵਿਚ ਠੋਸ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਲੈਣ। ਇਸ ਸਮੇਂ ਉਪਰੋਕਤ ਆਗੂਆਂ ਤੋਂ ਇਲਾਵਾ ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਨੰਢਾ, ਬਲਕਾਰ ਸਿੰਘ, ਗੁਰਮੇਲ ਸਿੰਘ ਭੇਡੀਆ ਅਤੇ ਸੇਵਾ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਕਾਲਜ ਵਿਖੇ ਸੰਗੀਤ ਵਿਭਾਗ ਪੀ.ਯੂ. ਚੰਡੀਗੜ੍ਹ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਕੀਤਾ ਵਿਜ਼ਿਟ

**ਸ੍ਰੀ ਅਨੰਦਪੁਰ ਸਾਹਿਬ, ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਫਲਤਾਪੂਰਵਕ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਨੀਲਮ ਪੌਲ ਦੀ ਰਹਿਨੁਮਾਈ ਵਿੱਚ ਸਟਾਫ ਅਤੇ ਵਿਦਿਆਰਥੀ ਕਾਲਜ ਦੇ ਪੋਸਟ ਗਰੈਜੂਏਟ ਸੰਗੀਤ ਗਾਇਨ ਅਤੇ ਗੁਰਮਤਿ ਸੰਗੀਤ ਵਿਭਾਗ ਵਿਖੇ ਵਿਦਿਅਕ ਫੇਰੀ ਦੌਰਾਨ ਉਚੇਚੇ ਤੌਰ ਤੇ ਪਹੁੰਚੇ।ਉਹਨਾਂ ਦੇ ਨਾਲ ਡਾ.ਗੁਰਪ੍ਰੀਤ ਕੌਰ (ਸੰਗੀਤ ਗਾਇਨ), ਪ੍ਰੋ.ਉਮੇਸ਼ ਸੋਨੀ(ਸੰਗੀਤ ਵਾਦਨ),ਸ਼੍ਰੀਮਤੀ ਮੋਨੀਕਾ ਸੂਦ ਅਤੇ ਸ਼੍ਰੀ ਨੰਦ ਲਾਲ ਜੀ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਦੋਨਾਂ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋਂ ਇੱਕ ਸੱਭਿਆਚਾਰਕ ਪ੍ਰੋਗਰਾਮ ਸਾਂਝੇ ਰੂਪ 'ਚ ਪੇਸ਼ ਕੀਤਾ ਗਿਆ ਅਤੇ ਵਿਦਿਆਰਥੀਆਂ ਵੱਲੋਂ ਵਿਭਾਗ ਅਤੇ ਮਿਊਜ਼ਿਕ ਸਟੂਡੀਓ ਦਾ ਮੁਆਇਨਾ ਵੀ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਸਵਾਗਤੀ ਭਾਸ਼ਨ ਵਿੱਚ ਕਿਹਾ ਕਿ ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ ਨਾਲ ਅਜਿਹੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਵੀ ਬਹੁਤ ਜਰੂਰੀ ਹੈ। ਉਹਨਾਂ ਨੇ ਕਾਲਜ ਦੁਆਰਾ ਕੀਤੀਆਂ ਪ੍ਰਾਪਤੀਆਂ ਦੱਸਦੇ ਹੋਏ ਕਿਹਾ ਕਿ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੂਰ ਅੰਦੇਸ਼ੀ ,ਕਾਲਜ ਦੀ ਲੋਕਲ ਮਨੇਜਮੈਂਟ ਦੇ ਆਨਰੇਰੀ ਸਕੱਤਰ ਡਾ. ਦਲਜੀਤ ਸਿੰਘ ਚੀਮਾ , ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਸਕੱਤਰ ਸਿੱਖਿਆ ਸ. ਸੁਖਮਿੰਦਰ ਸਿੰਘ ਦੀ ਯੋਗ ਅਗਵਾਈ ਕਰਕੇ ਕਾਲਜ ਉੱਤਰ ਭਾਰਤ ਦੀ ਸਿਰਮੌਰ ਸੰਸਥਾ ਬਣਨ ਵਿੱਚ ਸਫ਼ਲ ਹੋਇਆ ਹੈ।

### ਨੱਬੇ ਦੇ ਦਹਾਕੇ ਚ ਮਰੂਤੀ ਕਾਰ ਨਾਲ ਸਨਮਾਨਿਤ ਕਮੈਂਟਰ

# ਕਬੱਡੀ ਕਮੈਂਟਰੀ ਦੇ ਖੇਤਰ ਦਾ ਬਾਬਾ ਬੋਹੜ-ਪ੍ਰੋ. ਮੱਖਣ ਸਿੰਘ ਹਕੀਮਪੁਰ

**ਹਕੀਮਪੁਰ/ਨਕੋਦਰ/ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**-ਪਿਛਲੇ ਦਿਨੀਂ ਮੱਖਣ ਅਲੀ ਨੇ ਪ੍ਰੋ. ਮੱਖਣ ਸਿੰਘ ਹਕੀਮਪੁਰ ਦਾ ਮਾਣ ਸਨਮਾਨ ਪੋਸਟਰ ਭੇਜਿਆ ਦੇਖਕੇ ਬਹੁਤ ਖੁਸ਼ੀ ਹੋਈ , ਉਹ ਪੋਸਟਰ ਪਿੰਡ ਖਟਕੜ ਕਲਾਂ ਦਾ ਸੀ ! ਸਨਮਾਨ ਜਸਕਰਨ ਧਾਲੀਵਾਲ CHICAGO USA ਵੱਲੋ ਐਕਟਿਵਾ ਨਾਲ ਕੀਤਾ ਗਿਆ , ਇਹ ਸਨਮਾਨ ਹੋਣਾ ਜ਼ਰੂਰੀ ਸੀ ਕਿਉਂਕਿ ਚਾਰ ਦਹਾਕਿਆਂ ਤੋਂ ਕਬੱਡੀ ਦੀਆਂ ਗਰਾਉਂਡਾ ਚ ਕਮੈਂਟਰੀ ਕਰਦਿਆਂ ਅਸੀਂ ਵੇਖ ਰਹੇ ਆ ,ਪ੍ਰੋ ਮੱਖਣ ਸਿੰਘ ਹਕੀਮਪੁਰ ਮਾਂ ਖੇਡ ਕਬੱਡੀ ਚ ਅੱਜ ਵੀ ਟੋਪਰ ਪਹਿਲਾਂ ਵੀ ਟੋਪਰ ਸੀ , ਕਬੱਡੀ ਜਗਤ ਦਾ ਵੱਡਾ ਇਤਿਹਾਸ ਗੂਗਲ ਵਾਂਗ ਸਰਚ ਕਰੀ ਤੋਂ ਕਬੱਡੀ ਜਗਤ ਦਾ ਲੇਖਾ ਜੋਖਾ ਦਰਸ਼ਕਾਂ ਅੱਗੇ ਫੱਟਾਂ ਫ਼ੱਟ ਰੱਖ ਦਿੰਦੇ ਹਨ , ਕਬੱਡੀ ਦੇ ਗੂਗਲ ਕਮੈਂਟਰ ਹਨ ਅੱਜ ਵੀ ਨੱਬੇ ਦਹਾਕੇ ਚ ਖੇਡੇ ਖਿਡਾਰੀਆ ਦਾ ਡਾਟਾ ਨਾਨੇ ਨਾਨੀ ਤੋਂ ਲੈਕੇ ਪੂਰੇ ਪਰਿਵਾਰ ਦਾ ਨਾਮ ਅੱਜ ਵੀ ਯਾਦ ਹੈ । ਇਕ ਖਾਸੀਅਤ ਪ੍ਰੋ ਸਾਹਿਬ ਦੀ ਦੇਖੀ ਆ , ਜਦੋਂ ਗਰਾਉਂਡ ਵਿਚ ਕਮੈਂਟਰੀ ਕਰਨ ਦੇ ਨਾਲ ਨਾਲ ਇਹਨਾਂ ਦੀ ਅੱਖ ਕਬੱਡੀ ਦੇਖ ਰਹੇ ਦਰਸ਼ਕਾ ਤੇ ਘੁੰਮਦੀ ਰਹਿੰਦੀ, ਕੱਕੜਵਾਲ ਦੇ ਖੇਡ ਮੇਲੇ ਬੋਲਿਆ ਗੋਰਾ ਬੋਦਲਾਂਵਾਲਾ ਦਰਸ਼ਕਾਂ ਖੜਾਂ , ਬੁਰਜ ਹਰੀ ਦੇ ਖੇਡ ਮੇਲੇ ਤੇ ਬੋਲ ਦਰਸ਼ਕਾਂ ਚ ਖੜ੍ਹੇ ਮੰਦਰ ਗ.ਾਲਿਬ ਦੇ ਦਰਸ਼ਨ ਹੋ ਰਹੇ ਹਨ । ਇਸ ਤਰ੍ਹਾਂ ਹਰ ਖੇਡ ਮੇਲੇ ਤੇ ਹੁੰਦਾ । ਸਾਰਾ ਦਿਨ ਇਕਾਲੇ ਮੈਚਾਂ ਦੀ ਕਮੈਂਟਰੀ ਕਰਦੇ ਰਹਿੰਦੇ ਥੱਕਦੇ ਹੀ ਨਹੀਂ ਸੀ , ਹਰ ਖੇਡ ਮੇਲੇ 400/500 ਨਵੇਂ ਖਿਡਾਰੀਆਂ ਦਾ ਨਾਮ ਬੋਲਣਾ ਉਹਨਾਂ ਵਾਰੇ ਜਾਣਨਾ ਬਹੁਤ ਔਖਾਂ ਸੀ । ਅੱਜ ਸੀਮਤ ਟੀਮਾਂ ਨੇ ਸੀਮਤ ਖਿਡਾਰੀ ਹਨ ,ਨਾਲ ਸੋਸਲ ਮੀਡੀਆ ਵੀ ਬਹੁਤ ਸਹਾਇਤਾ ਕਰਦਾ , ਪਰ ਉਦੋਂ ਇਹ ਕੁਝ ਨਹੀਂ ਸੀ , ਦਿਲ ਦੀਆਂ ਡਾਇਰੀ ਤੇ ਖਿਡਾਰੀ ਦੇ ਨਾਮ ਲਿਖਣੇਂ ਪੈਂਦਾ ਸੀ ਪ੍ਰੋ ਸਾਹਿਬ ਨੇ ਦਾਦੇ ਪੋਤੇ ਦੇ ਮੈਚਾਂ ਦੀ ਕਮੈਂਟਰੀ ਕਈ ਸਾਲ ਪਹਿਲੇ ਕਰ ਗਏ ਉਹ ਦਾਦੇ ਪੋਤੇ ਝਨੇਰ ਪਿੰਡ ਦੇ ਖਿਡਾਰੀ ਹਨ , ਪਹਿਲਾਂ ਕਾਦਰ ਖ਼ਾਂ ਦੇ ਮੈਚਾਂ ਦੀ ਫਿਰ ਉਹਨਾਂ ਦੇ ਪੁੱਤਰ ਦਿਲਵਰ ਖਾ , ਫਿਰ ਉਹਨਾਂ .. ਦੇ ਆਸ਼ੂ ਝਨੇਰ ਦੇ ਮੈਚਾਂ ਦੀ ਕਮੈਂਟਰੀ ਕਈ ਸਾਲਾਂ ਤੋਂ ਕਰਦੇ ਆ ਰਹੇ ਹਨ । ਕਬੱਡੀ ਜਗਤ ਦੇ ਪਹਿਲੇ ਬੋਲਾਰੇ ਨੇ ਜਿਨ੍ਹਾਂ ਨੂੰ ਪੁਰੇਵਾਲ ਬ੍ਰਜ ਵੱਲੋਂ 98/99 ਵਿਚ ਨਿਊ ਮਰੂਤੀ ਕਾਰ ਨਾਲ ਸਨਮਾਨਿਤ ਕਰਿਆ , ਉਹਨਾਂ ਟਾਈਮਾ ਚ ਪੰਜਾਬ ਦੀਆਂ ਸੜਕਾਂ ਤੇ ਮਰੂਤੀ ਕਾਰਾਂ ਦੇਖਣ ਨੂੰ ਘੱਟ ਮਿਲਦੀਆਂ ਸਨ। ਉਹਨਾਂ ਟਾਈਮਾ ਚ ਹਰ ਇਕ ਨਵੇਂ ਪੁਰਾਣੇ ਖਿਡਾਰੀ ਹੁੰਦਾ ਪ੍ਰੋ ਸਾਹਿਬ ਸਾਡੇ ਮੈਚ ਦੀ ਕਮੈਂਟਰੀ ਕਰਨ ਹੌਸਲਾਂ ਖਿਡਾਰੀ ਦਾ ਖੇਡਣ ਪ੍ਰਤੀ ਬਹੁਤ ਵੱਧ ਜਾਂਦਾ ਸੀ । ਪਹਿਲਾਂ ਟੂਰਨਾਮੈਂਟ ਤੇ ਚੰਗੇ ਖਿਡਾਰੀ ਦਾ ਨਾਮ ਬੋਲਿਆ ਜਾਂਦਾ ਸੀ ,ਉਦੋਂ ਕੋਈ ਬੁਲਾਰਾ ਕਮੇਟੀ ਜਾਂ ਪਿੰਡ ਦਾ ਵਸਨੀਕ ਜਾਂ ਕੋਈ ਮਾਸਟਰ ਹੁੰਦਾ ਸੀ ,ਪ੍ਰੋ ਸਾਹਿਬ ਨੇ ਕਬੱਡੀ ਚ ਵੱਖ਼ਰਾ ਕੀਤਾ ਇਕਾਲੇ ਇਕਾਲੇ ਖਿਡਾਰੀ ਨਾਮ ਬੋਲਿਆ ਜਾਦਾ , ਉਦੋਂ ਮਾਲਵੇ ਚ ਟੂਰਨਾਮੈਂਟ ਤੇ 70/80 ਟੀਮਾਂ ਹੋ ਜਾਂਦੀਆਂ ਸੀ! ਅੱਜ ਕੱਕੜਵਾਲ ਧੂਰੀ , ਕੱਲ ਮੋਗੇ ਦੇ ਮਹਿਣੇ ਪਿੰਡ , ਪਰਸੋਂ ਖੰਨੇ ਭਾਦਲਾ ਚੌਥੇ ਰੂਮੀ ਪਿੰਡ ਜਗਰਾਉਂ ਪੰਜਵੇਂ ਦਿਨ ਦਿੜ੍ਹਬਾ ਸੰਗਰੂਰ, ਉਦੋ 40/45 ਟੀਮ ਹਰ ਰੋਜ਼ ਆਪੋ ਆਪਣੇ ਇਲਾਕੇ ਚ ਨਵੀਆਂ ਮਿਲਦੀ ਆ , ਬਾਕੀ 20/25 ਟੀਮਾਂ ਪੱਕੀਆਂ ਖੇਡਦੀਆਂ ਨਵੀਆਂ ਟੀਮਾਂ ਦੇ ਖਿਡਾਰੀਆਂ ਦੇ ਨਾਮ ਚੇਤੇ ਰੱਖਣੇ ਬੜੇ ਔਖੇ ਸੀ , ਪਰ ਪ੍ਰੋ ਨੇ ਯਾਦ ਕੀਤੇ । ਸਾਡੇ ਇਲਾਕੇ ਚ ਪਹਿਲਾਂ 1998 ਚ ਪਿੰਡ ਜਲਾਦੀਵਾਲ ਪ੍ਰੋ ਮੱਖਣ ਸਿੰਘ ਕਰਨ ਆਏ ਸੀ , ਸਭ ਟੀਮਾਂ ਵਾਲੇ ਝੁਕਕੇ ਮਿਲਦੇ ਕਿਉਂਕਿ ਸਤਿਕਾਰ ਹੀ ਕਬੱਡੀ ਵਿੱਚ ਬਹੁਤ ਸੀ , ਉਹ ਸਤਿਕਾਰ ਅੱਜ ਵੀ ਕਬੱਡੀ ਚ ਬਰਕਰਾਰ ਹੈ । ਜਦੋਂ ਸਾਨੂੰ ਪਤਾ ਲੱਗਿਆ ਪ੍ਰੋ ਸਾਹਿਬ ਆਏ ਜਲਾਲਦੀਵਾਲ ਨੇ ਅੱਜ ਸਾਡੇ ਮੈਚਾਂ ਦੀ ਕਮੈਂਟਰੀ ਕਰਨਗੇ , ਸਾਡੇ ਪਿੰਡ ਕੁਰੜ ਦਾ ਮੈਚ ਜਲਾਲਦੀਵਾਲ ਪਿੰਡ ਨਾਲ ਆਇਆ , ਜਲਾਲਦੀਵਾਲ ਚ ਸਵ. ਜੀਤਾ ਖੇਡਦਾ ਸੀ , ਅਸੀਂ ਫ਼ੌਜੀ ਤੋਂ ਬਿਨਾਂ ਖੇਡ ਰਹੇ ਸੀ , ਉਸ ਦਿਨ ਤੋਂ ਸਾਡੇ ਨਾਮ ਪ੍ਰੋ ਅੱਜ ਤੱਕ ਸਾਡੀ ਟੀਮ ਦੇ ਨਾਮ ਯਾਦ ਹਨ ।ਅਨੇਕਾਂ ਕਮੈਟਰ ਪ੍ਰੋ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਨੇ , ਕਬੱਡੀ ਖਿਡਾਰੀਆਂ ਨੂੰ ਪੈਸੇ ਦਿਵਾਉਂਣ ਵਾਲਾ ਬਲਵਿੰਦਰ ਸਿੰਘ ਫਿੱਡਾ ਹੈ ਅਤੇ ਕਮੈਟਰਾ ਨੂੰ ਦਿਵਾਉਣ ਵਾਲੇ ਪ੍ਰੋ ਮੱਖਣ ਸਿੰਘ ਹਕੀਮਪੁਰ ਸਾਹਿਬ ਹੈ , ਆਪ ਇਹਨਾਂ ਨੇ ਜ਼ੀਰੋ ਤੋਂ ਸ਼ੁਰੂ ਕੀਤਾ ਸੀ ਅੱਜ ਕਈ ਕਈ ਲੱਖਾਂ ਦੀਆਂ ਗੱਡੀਆਂ ਨਾਲ ਖਿਡਾਰੀ ਅਤੇ ਕਮੈਂਟਰ ਸਨਮਾਨਿਤ ਹੋ ਰਹੇ ਹਨ ! ਪਰ ਅੱਜ ਦੀ ਕਬੱਡੀ ਚ ਪ੍ਰੋ ਸਾਹਿਬ ਵੱਡਾ ਮਾਣ ਸਨਮਾਨ ਹੋਣਾ ਜ਼ਰੂਰੀ ਆ , ਕਬੱਡੀ ਚ ਵੱਖ਼ਰਾ ਲੈਕੇ ਆਏ, ਜਦੋਂ ਇਹ ਕਰ ਗਏ ਕਿਸੇ ਹੋਰ ਤੋਂ ਨਹੀਂ ਹੋਣਾ , ਅਨੇਕਾਂ ਖਿਡਾਰੀ ਇਹਨਾਂ ਦੀ ਕਮੈਂਟਰੀ ਸੁਣਕੇ ਕਬੱਡੀ ਵਲ ਆਏ , ਆਉਣ ਵੀ ਕਿਉਂ ਨਾਂਹ , ਖਿਡਾਰੀ ਦਾ ਖਾਨਦਾਨ ਦਾ ਨਾਮ ਦੁਨੀਆਂ ਸਾਹਮਣੇਂ ਰੱਖ ਦਿੰਦੇ ਸੀ , ਮਾਪਿਆਂ ਨੇ ਆਪਣੇ ਪੁੱਤਰਾਂ ਨੂੰ ਕਬੱਡੀ ਚ ਉਤਾਰਿਆ, ਕਮੈਟਰ ਤਾਂ ਅੱਜ ਵੀ ਆਪਣੇ ਆਪ ਨੂੰ ਸਿਰਾ ਮੰਨਦੇ ਪਰ ਉਹਨਾਂ ਕੋਲ ਕਬੱਡੀ ਦਾ ਇਤਿਹਾਸ ਨਹੀਂ ਹੈ , ਜੋ ਪ੍ਰੋ ਸਾਹਿਬ ਕੋਲ ਹੈ । ਉਹਨਾਂ ਕੋਲ ਲਾਈਵ ਦੇਖਣ ਵਾਲੇ ਤੇ ਕਮੈਟਰਾ ਨੂੰ ਗੱਡੀਆਂ ਦੇਣ ਵਾਲਿਆ ਦਾ ਇਤਿਹਾਸ ਜ਼ਰੂਰ ਹੈ ! ਜਿਸ ਇਲਾਕੇ ਚ ਕਮੈਟਰ ਜਾਂਦੇ ਨੇ ਉਸ ਇਲਾਕੇ ਦੇ ਸੀਨੀਅਰ ਖਿਡਾਰੀ ਦਾ ਨਾਮ ਜਰੂਰ ਪਤਾ ਕਰ ਲਿਆ ਕਰੋ , ਉਹਨਾਂ ਸੀਨੀਅਰ ਖਿਡਾਰੀ ਵਾਰੇ ਲੋਕਾਂ ਨੂੰ ਪਤਾ ਲੱਗੇ ਅਤੇ ਸੀਨੀਅਰ ਦੇ ਪੁੱਤ ਪੋਤਰੇ ਹੋਰ ਪਤਾ ਲੱਗੇ ਇਹ ਖਿਡਾਰੀ ਕਬੱਡੀ ਇਨਾਮ ਚ ਮਿਲੇ ਗਿਫਤਾ ਚ ਮਿਲੇ ਕੌਲੇ ਕੌਲੀਆਂ ਬਲੈਣਾ ਤੇ ਕਬੱਡੀ ਖੇਡ ਗਏ , ਅੱਜ ਵੀ ਖੇਡ ਨੂੰ ਯਾਦ ਕੀਤਾ ਜਾਂਦਾ ਹੈ।



# ਪੰਜਾਬ ਵਿੱਚ 4 ਮਾਰਚ ਨੂੰ ਟਰੇਨਾਂ ਦਾ ਚੱਕਾ ਕੀਤਾ ਜਾਵੇਗਾ ਜਾਮ : ਭੁੱਲਰ



**ਫ਼ਿਰੋਜ਼ਪੁਰ, 1 ਮਾਰਚ (ਮਨੋਹਰ ਲਾਲ) :—** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਭੁੱਲਰ, ਸੂਰਤ ਸਿੰਘ ਪ੍ਰਧਾਨ ਕਿਸਾਨ ਵਿੰਗ, ਸੁਖਦੇਵ ਸਿੰਘ ਪ੍ਰਧਾਨ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਇੱਕ ਸਾਝੇ ਬਿਆਨ ਰਾਹੀ ਕਿਹਾ ਕਿ 4 ਮਾਰਚ ਨੂੰ ਸਵੇਰੇ 11 ਵਜੇ ਤੋ ਦੁਪਿਹਰ 3 ਵਜੇ ਤੱਕ ਸਾਰੇ ਪੰਜਾਬ ਵਿੱਚ ਟਰੇਨਾਂ ਦਾ ਚੱਕਾ ਜਾਮ ਕੀਤਾ ਜਾਵੇਗਾ, ਕਿਉਂਕਿ ਭਾਈ ਅਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਤੇ ਝੂਠਾ ਕੇਸ ਪਾ ਕੇ ਐਨ.ਐਸ.ਏ ਲਗਾ ਕੇ ਜਬਰਦਸਤੀ ਡਿਬਰੂਗੜ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ ਅਤੇ ਜੇਲ੍ਹ ਵਿੱਚ ਉਹਨਾਂ ਤੇ ਗੁਪਤ ਕੈਮਰੇ ਲਾ ਕੇ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੇ ਖਾਣੇ ਵਿੱਚ ਗਲਤ ਚੀਜਾਂ ਮਿਲਾ ਕੇ ਉਹਨਾਂ ਦੀ ਸਹਿਤ ਨਾਲ ਖਲਵਾੜ ਕੀਤਾ ਜਾਦਾ ਹੈ, ਜਿਸ ਕਾਰਨ ਉਹ ਭੁੱਖ ਹੜਤਾਲ ਤੇ ਹਨ ਅਤੇ ਪੰਜਾਬ ਅਤੇ ਸੈਂਟਰ ਸਰਕਾਰ ਸਾਰੇ ਮਸਲੇ ਨੂੰ ਅਣਗੋਲਿਆਂ ਕਰ ਰਹੀ। ਉਨ੍ਹਾਂ ਕਿਹਾ ਕਿ ਜੇਲ੍ਹਾਂ ਅੰਦਰ ਸਜਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਬਿਨ੍ਹਾਂ ਦੇਰੀ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਾਰਡਰਾਂ ਤੇ ਬੈਠੇ ਕਿਸਾਨਾਂ ਦੀਆਂ ਮੰਗਾਂ ਬਿਨਾਂ ਦੇਰੀ ਮੰਨ ਕੇ ਐਮ.ਐਸ.ਪੀ ਦੀ ਗਰੰਟੀ ਦੇਵੇ ਸਰਕਾਰ ਅਤੇ ਕਿਸਾਨਾਂ ਤੇ ਗੋਲੀਆਂ ਚਲਾ ਕੇ ਸ਼ਹੀਦ ਕਰਨ ਅਤੇ ਕਰਾਉਣ ਵਾਲੇ ਅਫਸਰਾਂ, ਮੁਲਾਜਮਾਂ ਅਤੇ ਹੁਕਮਰਾਨ ਦੇ ਐਫ.ਆਈ.ਆਰ ਵਿੱਚ ਨਾਮ ਪਾਏ ਜਾਣ। ਸਰਕਾਰ ਵੱਲੋ ਭਾਈ ਅਮ੍ਰਿਤਪਾਲ ਸਿੰਘ ਅਤੇ ਸਾਥੀਆਂ ਤੇ ਜਬਰ ਜ਼ੁਲਮ ਖਿਲਾਫ ਅਤੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨਾਂ ਤੇ ਕੀਤੇ ਜ਼ੁਲਮ ਕਰਨ ਦੇ ਰੋਸ ਵੱਜੋ ਟਰੇਨਾਂ ਦਾ ਚੱਕਾ ਜਾਮ ਕੀਤਾ ਜਾ ਰਿਹਾ ਹੈ। ਸਾਰੀਆਂ ਧਾਰਮਿਕ ਅਤੇ ਰਾਜਨੀਤਿਕ ਜੰਥੇਬੰਦੀਆ, ਕਿਸਾਨ ਜੰਥੇਬੰਦੀਆ, ਸੰਤਾਂ ਮਹਾਪੁਰਸ਼ਾਂ, ਸਿੱਖ ਸਟੂਡੈਂਟਸ ਫੈਡਰੇਸ਼ਨਾਂ,ਅਤੇ ਸਮੂਹ ਜਬਰ ਤੇ ਜੁਲਮ ਖਿਲਾਫ ਲੜਨ ਵਾਲੀਆਂ ਜੰਥੇਬੰਦੀਆ ਨੂੰ ਨਿਮਰਤਾ ਸਹਿਤ ਬੇਨਤੀ ਹੈ ਸਾਰੇ ਸਾਥ ਦਿਉ ਤਾ ਕਿ ਨੋਜਵਾਨੀ ਨੂੰ ਬਚਾਇਆ ਜਾ ਸਕੇ।

# ਸਿੱਖ ਨੌਜਵਾਨਾਂ ’ਤੇ ਹੀ ਐਨ ਐਸ ਏ, ਯੂ ਏ ਪੀ ਏ, ਟੈਰਰ ਫੰਡਿੰਗ, ਹੇਟ ਸਪੀਚ ਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਦੇ ਕੇਸ ਕਿਉਂ ਪਾਏ ਜਾਂਦੇ ਹਨ ? : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ




**ਅੰਮ੍ਰਿਤਸਰ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਸਾਥੀਆਂ ਦੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਤਬਦੀਲੀ ਕਰਵਾਉਣ ਤੇ ਐਨ.ਐਸ.ਏ ਹਟਵਾਉਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਲੱਗੇ ਮੋਰਚੇ ’ਚ ਅੱਜ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਜੋਸ਼ੀਲੀ ਤਕਰੀਰ ਦੌਰਾਨ ਸੂਬਾ ਅਤੇ ਕੇਂਦਰ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਸਿੱਖ ਨੌਜਵਾਨਾਂ ਦੇ ਉੱਤੇ ਕਹਿਰ ਢਾਹੁਣ ਵਾਲਿਓ ! ਫਿਰਕੂ ਹਿੰਦੂਤਵੀਆਂ ਦੇ ਉੱਤੇ ਐਨ.ਐਸ.ਏ. ਕਦੋਂ ਲਗਾਓਗੇ ? ਉਹਨਾਂ ਕਿਹਾ ਕਿ ਅੰਮ੍ਰਿਤ ਛਕਾਉਣਾ, ਸਿੱਖੀ ਦਾ ਪ੍ਰਚਾਰ ਕਰਨਾ, ਨਸ਼ੇ ਛਡਾਉਣਾ ਗੁਨਾਹ ਹੈ ? ਰਾਜ ਕੌਮਾਂ ਦੀ ਜਿੰਦ-ਜਾਨ ਹੋਇਆ ਕਰਦੇ ਨੇ ਤੇ ਰਾਜ ਤੋਂ ਬਿਨਾਂ ਕੌਮਾਂ ਦੀ ਇਸ ਤਰ੍ਹਾਂ ਖਵਾਰੀ ਹੁੰਦੀ ਜਿਵੇਂ ਸਾਨੂੰ ਧਰਨੇ-ਮੋਰਚੇ ਅਤੇ ਭੁੱਖ ਹੜਤਾਲਾਂ ਕਰਨੀਆਂ ਪੈ ਰਹੀਆਂ ਹਨ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੇ ਕੋਈ ਗੁਨਾਹ ਨਹੀਂ ਕੀਤਾ, ਉਹ ਖਾਲਸਾ ਪੰਥ ਦੀ ਅਮਾਨਤ ਹਨ, ਜੇਕਰ ਉਹਨਾਂ ਦੀ ਜਾਨ ਨੂੰ ਕੋਈ ਖਤਰਾ ਹੋਇਆ ਤਾਂ ਪੰਜਾਬ ਅਤੇ ਕੇਂਦਰ ਦੀ ਸਰਕਾਰ ਜ਼ਿੰਮੇਵਾਰ ਹੋਵੇਗੀ, ਹਾਲਾਤ ਖਰਾਬ ਹੋਣਗੇ।

ਉਹਨਾਂ ਕਿਹਾ ਕਿ ਸਿੱਖ ਕੌਮ ਵਿੱਚ ਸਰਕਾਰਾਂ ਦਹਿਸ਼ਤ ਦਾ ਮਾਹੌਲ ਪਸਰ ਰਹੀਆਂ ਹਨ, ਦਸ ਸਿੱਖ ਨੌਜਵਾਨਾਂ ਨੂੰ ਐਨ.ਐਸ.ਏ. ਅਧੀਨ ਇੱਕ ਸਾਲ ਤੋਂ ਨਜ਼ਰਬੰਦ ਕੀਤਾ ਹੋਇਆ ਹੈ, ਸਿੱਖ ਨੌਜਵਾਨਾਂ ਦੇ ਉੱਤੇ ਯੂ.ਏ.ਪੀ.ਏ. ਦੇ ਕੇਸ, ਟੈਰਰ ਫੰਡਿੰਗ ਦੇ ਕੇਸ, ਹੇਟ ਸਪੀਚ ਦੇ ਕੇਸ ਅਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਦੇ ਕੇਸ ਪਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਖਾਲਿਸਤਾਨ ਦੀ ਗੱਲ ਕਰਨਾ ਕੋਈ ਗੁਨਾਹ ਨਹੀਂ ਹੈ, ਖਾਲਿਸਤਾਨ ਦੇ ਰਾਹ ਵੀ ਸਾਨੂੰ ਹਿੰਦ ਹਕੂਮਤ ਨੇ ਤੋਰਿਆ ਹੈ, ਖਾਲਿਸਤਾਨ ਦੀ ਮੰਗ ਉਹਨਾਂ ਅੱਤਿਆਚਾਰਾਂ ਦੀ ਦੇਣ ਹੈ ਜਿਹੜੇ ਸਾਡੀ ਉੱਤੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰਾਂ ਸਾਡੀ ਹਰ ਗੱਲ, ਸਾਡੇ ਹਰ ਸੰਘਰਸ਼ ਮੋਰਚੇ ਨੂੰ ਤਾਰਪੀਡੋ ਕਰਦੀਆਂ ਹਨ , ਹਊਆ ਬਣਾ ਕੇ ਪੇਸ਼ ਕਰਦੀਆਂ ਹਨ, ਸਿੱਖਾਂ ਦਾ ਅਕਸ ਦੁਨੀਆਂ ਭਰ ਵਿੱਚ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਾਰਤ ਵਿੱਚ ਸਿੱਖ ਮਹਿਫੂਜ਼ ਨਹੀਂ ਹਨ, ਸਿੱਖਾਂ ਦਾ ਧਰਮ ਬੋਲੀ ਸੱਭਿਆਚਾਰ ਸਭ ਕੁਝ ਖਤਰੇ ’ਚ ਹੈ। ਉਹਨਾਂ ਸੋਸ਼ਲ ਮੀਡੀਆ ’ਤੇ ਸਰਗਰਮ ਸਿੱਖ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਹੁਣ ਜਮੀਨੀ ਪੱਧਰ ’ਤੇ ਨਿਤਰਨ ਦਾ ਸਮਾਂ ਹੈ। ਉਹਨਾਂ ਕਿਹਾ ਕਿ ਭੁੱਖ ਹੜਤਾਲ ’ਤੇ ਬੈਠੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਤੇ ਬਾਕੀ ਸਿੰਘਾਂ ਦੇ ਪਰਿਵਾਰਾਂ ਨੂੰ ਜੇ ਕੁਝ ਹੋਇਆ ਤਾਂ ਖ਼ਾਲਸਾ ਪੰਥ ਬਰਦਾਸ਼ਤ ਨਹੀਂ ਕਰੇਗਾ। ਕੇਂਦਰ ਅਤੇ ਸੂਬਾ ਸਰਕਾਰ ਨੂੰ ਮੋਰਚੇ ਪ੍ਰਤੀ ਗੰਭੀਰ ਹੋਣਾ ਚਾਹੀਦਾ ਹੈ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਤੁਰੰਤ ਜੇਲ੍ਹ ਤਬਦੀਲੀ ਕਰਕੇ ਉਹਨਾਂ ਨੂੰ ਪੰਜਾਬ ਲਿਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਭਾਰਤ ਆਪਣੇ ਆਪ ਨੂੰ ਸਭ ਤੋਂ ਵੱਡਾ ਲੋਕਤੰਤਰ, ਮਨੁੱਖੀ ਹੱਕਾਂ ਦਾ ਅਲੰਬਰਦਾਰ ਅਤੇ ਧਰਮ ਨਿਰਪੱਖ ਅਖਵਾਉਂਦਾ ਹੈ ਲੇਕਿਨ ਹੁਣ ਹਿੰਦੂ ਰਾਸ਼ਟਰ ਜੋਰਾਂ ’ਤੇ ਹੈ ਅਤੇ ਸਿੱਖ ਕੌਮ ਤੇ ਹੋਰ ਘੱਟ-ਗਿਣਤੀ ਕੌਮਾਂ ਦਾ ਭਵਿੱਖ ਖਤਰੇ ਵਿੱਚ ਹੈ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਹਿੰਦੂ ਹਾਕਮ ਅਕ੍ਰਿਤਘਣ, ਅਹਿਸਾਨ ਫਰਾਮੋਸ਼ ਅਤੇ ਨਿਰਦਈ ਹਨ। ਸਾਡੇ ਛੇਵੇਂ ਗੁਰੂ ਨੇ ਇਹਨਾਂ ਦੇ 52 ਹਿੰਦੂ ਕੈਦੀ ਰਾਜੇ ਰਿਹਾਅ ਕਰਵਾਏ ਤੇ ਇਹ ਸਾਡੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਹੇ, ਨੌਵੇਂ ਪਾਤਸ਼ਾਹ ਨੇ ਇਹਨਾਂ ਦਾ ਡੁੱਬਦਾ ਹੋਇਆ ਧਰਮ ਦਾ ਬੇੜਾ ਬਚਾਇਆ ਇਹ ਸਾਡੇ ਹੀ ਧਰਮ ਨੂੰ ਡੋਬਣ ਤੇ ਲੱਗੇ ਹਨ। ਅਸੀਂ ਇਹਨਾਂ ਦੇ ਮੰਦਿਰ ਬਚਾਏ ਪਰ ਇਹਨਾਂ ਨੇ ਸਾਡੇ ਗੁਰਦੁਆਰੇ ਢਾਹੇ, ਅਸੀਂ ਇਹਨਾਂ ਦੀਆਂ 18ਵੀਂ ਸਦੀ ਵਿੱਚ ਬਹੂ ਬੇਟੀਆਂ ਦੀ ਰਾਖੀ ਕਰਦੇ ਰਹੇ ਪਰ ਨਵੰਬਰ 84 ’ਚ ਇਹਨਾਂ ਨੇ ਸਾਡੀਆਂ ਧੀਆਂ ਭੈਣਾਂ ਦੀ ਪੱਤ ਲੁੱਟੀ। ਅਸੀਂ ਇਹਨਾਂ ਦੇ ਜਨੇਊ ਧੋਤੀ ਟੋਪੀ ਬੋਦੀ ਬਚਾਈ ਅਤੇ ਇਹ ਸਾਡੀ ਕਿਰਪਾਨ ਦਸਤਾਰ ਤੇ ਸਿੱਖੀ ਸਰੂਪ ਤੇ ਹਮਲੇ ਕਰਦੇ ਹਨ, ਸਿੱਖਾਂ ਨੂੰ ਹਰ ਰੋਜ਼ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਪਰ ਖਾਲਸਾ ਕਿਸੇ ਦੀ ਗੁਲਾਮੀ ਨਹੀਂ ਕਬੂਲੇਗਾ। ਪੰਥ ਅਤੇ ਪੰਜਾਬ ਦੇ ਹੱਕਾਂ ਹਕੂਕਾਂ ਤੇ ਆਜ਼ਾਦੀ ਲਈ ਸੰਘਰਸ਼ ਜਾਰੀ ਰਹੇਗਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ, ਭਾਈ ਪਪਲਪ੍ਰੀਤ ਸਿੰਘ ਦੀ ਮਾਤਾ ਅਤੇ ਬਾਕੀ ਸਿੰਘਾਂ ਦੇ ਪਰਿਵਾਰਾਂ ਨਾਲ ਵੀ ਮੁਲਾਕਾਤ ਕਰਕੇ ਕਿਹਾ ਕਿ ਅਸੀਂ ਤੁਹਾਡੇ ਨਾਲ ਖੜ੍ਹੇ, ਹਾਂ ਇਹ ਮੋਰਚਾ ਜਰੂਰ ਰੰਗ ਲਿਆਏਗਾ। ਉਹਨਾਂ ਨੇ ਸਮੂਹ ਸੰਪਰਦਾਵਾਂ ਅਤੇ ਜਥੇਬੰਦੀਆਂ ਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਮੋਰਚੇ ’ਚ ਵੱਧ ਚੜ੍ਹ ਕੇ ਪਹੁੰਚਣ।

# ਕਾਉਂਕੇ ਪਿੰਡ ਤੋਂ 5 ਮਾਰਚ ਨੂੰ ਕੱਢਿਆ ਜਾਣ ਵਾਲਾ ਇਨਸਾਫ ਮਾਰਚ ਕਿਸਾਨੀ ਸੰਘਰਸ਼ ਕਾਰਨ ਕੁਝ ਸਮੇਂ ਲਈ ਮੁਲਤਵੀ ਕੀਤਾ ਗਿਆ : ਮਨਜੀਤ ਸਿੰਘ ਭੋਮਾ

**ਨਵੀਂ ਦਿੱਲੀ, 1 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਸ਼ਹੀਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਸਬੰਧ ਵਿੱਚ ਬਣੀ ਤਾਲਮੇਲ ਇਨਸਾਫ ਕਮੇਟੀ ਵੱਲੋਂ ਆਪਸੀ ਸਲਾਹ ਮਸ਼ਵਰੇ ਨਾਲ਼ ਜਥੇਦਾਰ ਕਾਉਂਕੇ ਸਾਹਿਬ ਦੇ ਇਨਸਾਫ ਲੈਣ ਲਈ 5 ਮਾਰਚ ਨੂੰ ਕਾਉਂਕੇ ਪਿੰਡ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਕੱਢੇ ਜਾਣ ਵਾਲੇ ਇਨਸਾਫ ਮਾਰਚ ਨੂੰ ਕਿਸਾਨੀ ਅੰਦੋਲਨ ਕਾਰਨ ਕੁੱਝ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ । ਤਾਲਮੇਲ ਇਨਸਾਫ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਕਿਸਾਨੀ ਸੰਘਰਸ਼ ਨੂੰ ਵੇਖਦਿਆਂ ਹੋਇਆ ਇਸ ਇਨਸਾਫ ਮਾਰਚ ਨੂੰ ਕੁਝ ਸਮੇਂ ਲਈ ਮੁਲਤਵੀ ਕੀਤਾ ਜਾਵੇ ਕਿਉਂਕਿ ਇਸ ਸਮੇਂ ਸਭ ਦੀਆਂ ਨਜ਼ਰਾਂ ਕਿਸਾਨੀ ਸੰਘਰਸ਼ ਤੇ ਲੱਗੀਆਂ ਤੇ ਟਿਕੀਆਂ ਹੋਈਆਂ ਹਨ । ਤਾਲਮੇਲ ਇਨਸਾਫ ਕਮੇਟੀ ਵਲੋ ਮਨਜੀਤ ਸਿੰਘ ਭੋਮਾ ਨੇ ਇੱਕ ਸਾਂਝੇ ਤੌਰ ਤੇ ਇੱਕ ਬਿਆਨ ਰਾਹੀਂ ਦੱਸਿਆ ਕਿ ਕਿਸਾਨਾਂ ਦੇ ਕਿਸਾਨੀ ਸੰਘਰਸ਼ ਨੂੰ ਪਹਿਲ ਦਿੰਦਿਆਂ ਅਤੇ ਪੂਰਨ ਤੌਰ ਤੇ ਹਮਾਇਤ ਕਰਦਿਆਂ ਕਮੇਟੀ ਵਲੋਂ 5 ਮਾਰਚ ਨੂੰ ਕੱਢੇ ਜਾਣ ਵਾਲੇ ਇਨਸਾਫ ਮਾਰਚ ਨੂੰ ਕੁਝ ਸਮੇਂ ਲਈ ਅੱਗੇ ਪਾ ਦਿੱਤਾ ਗਿਆ ਹੈ ਕਿਉਂਕਿ ਅਸੀਂ ਪੰਜਾਬ ਦੀ ਸ਼ਕਤੀ ਨੂੰ ਦੋ ਥਾਵਾਂ ਤੇ ਨਹੀਂ ਵੰਡਣਾ ਚਾਹੁੰਦੇ । ਉਹਨਾਂ ਕਿਹਾ ਇਨਸਾਫ਼ ਮਾਰਚ ਦੀ ਅਗਲੀ ਤਰੀਕ ਦਾ ਐਲਾਨ ਤਾਲਮੇਲ ਇਨਸਾਫ਼ ਕਮੇਟੀ ਨਾਲ ਸਲਾਹ ਮਸ਼ਵਰਾ ਕਰਕੇ ਸਿੱਖ ਸੰਗਤਾਂ ਨੂੰ ਬਾਅਦ ਵਿੱਚ ਦੱਸਿਆ ਜਾਵੇਂਗਾ। ਉਹਨਾਂ ਕਿਹਾ ਕਿ ਸਰਕਾਰਾਂ ਹਮੇਸ਼ਾ ਪੰਜਾਬ ਨਾਲ ਧੱਕਾ ਹੀ ਕਰਦੀਆਂ ਰਹੀਆਂ ਹਨ। ਜਿਸ ਤਰ੍ਹਾਂ 1947 ਤੋਂ ਲੈ ਕੇ ਅੱਜ ਤੱਕ ਪੰਜਾਬ ਤੇ ਸਿੱਖਾਂ ਨਾਲ ਸਰਕਾਰਾਂ ਧੱਕਾ ਕਰਦਿਆ ਹੱਕ , ਸੱਚ , ਇਨਸਾਫ਼ ਲਈ ਅਵਾਜ਼ ਉਠਾਉਣ ਤੇ ਜੁਲਮ ਦੇ ਖਿਲਾਫ ਬੋਲਣ ਵਾਲਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਾਰ ਦਿੱਤਾ ਗਿਆ ਜਾਂ ਭਾਰਤ ਦੀਆਂ ਜੇਲਾਂ ਵਿੱਚ ਉਮਰ ਭਰ ਲਈ ਸੜਨ ਲਈ ਸੁੱਟ ਦਿੱਤਾ ਗਿਆ । ਜਿਸ ਤਰ੍ਹਾਂ ਉਸ ਸਮੇਂ ਦੇ ਬੁੱਚੜ ਪੁਲਿਸ ਅਫਸਰਾਂ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨਾਲ ਕੀਤਾ ਇਸ ਤੋਂ ਵੀ ਸਿੱਖ ਸੰਗਤਾਂ ਭਲੀ ਭਾਤ ਜਾਣੂ ਹਨ। ਇਸ ਤੋਂ ਵੱਡੀ ਮਿਸਾਲ ਹੋਰ ਕੀ ਦਿੱਤੀ ਜਾ ਸਕਦੀ ਹੈ ।ਤੇ ਹੁਣ ਫਿਰ ਸਰਕਾਰਾਂ ਓਹੀ ਕੰਮ ਕਰਨ ਲੱਗੀਆਂ ਹੋਈਆਂ ਹਨ ਜੇ ਕੋਈ ਸਿੱਖੀ , ਪੰਜਾਬ ਤੇ ਕਿਸਾਨੀ ਹਿੱਤਾਂ ਦੀ ਗੱਲ ਕਰਦਾ ਹੈ ਤਾਂ ਉਸ ਉੱਤੇ NSA ਵਰਗੀਆਂ ਧਾਰਾਂ ਲਗਾਂ ਕੇ ਪੰਜਾਬ ਤੋਂ ਬਾਹਰੀ ਜੇਲਾਂ ਵਿੱਚ ਸੁੱਟਿਆ ਜਾਂ ਰਿਹਾ ਹੈ ।ਜੇ ਕਿਸਾਨ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਤਾਂ ਉਹਨਾਂ ਉੱਤੇ ਹੰਜੂ ਗੈਸ ਦੇ ਗੋਲੇ ਸੁੱਟੇ ਅਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਸ਼ਾਂਤਮਈ




ਧਰਨੇ ਵਿੱਚ ਰੋਸ ਪ੍ਰਦਰਸ਼ਨ ਕਰ ਰਹੇ ਸ਼ੁਭਕਰਮਨ ਸਿੰਘ ਤੇ ਗੋਲੀਆਂ ਚਲਾਕੇ ਉਸਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਅਤੇ ਅਨੇਕਾਂ ਕਿਸਾਨਾਂ ਨੂੰ ਗੋਲੀਆ ਤੇ ਹੰਝੂ ਗੈਸ ਨਾਲ ਫ਼ੱਟੜ ਕਰ ਦਿੱਤਾ ਗਿਆ ਹੈ ਜੋ ਵੱਖ ਵੱਖ ਹਸਪਤਾਲਾਂ ਵਿੱਚ ਦਾਖਲ ਹਨ । ਇਸ ਲਈ ਅਸੀਂ ਸਿੱਖ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਆਪੋ ਆਪਣੇ ਢੰਗ ਨਾਲ ਵੱਧ ਤੋਂ ਵੱਧ ਕਿਸਾਨੀ ਸੰਘਰਸ਼ ਵਿੱਚ ਆਪੋ ਆਪਣਾ ਯੋਗਦਾਨ ਪਾਇਆ ਜਾਵੇ। ਸੰਤਾਂ ਮਹਾਪੁਰਸ਼ਾਂ ਨੂੰ ਕਿਸਾਨਾਂ ਲਈ ਵੱਧ ਤੋਂ ਵੱਧ ਲੰਗਰਾਂ ਦੇ ਪ੍ਰਬੰਧ ਕਰਨ ਦੀ ਬੇਨਤੀ ਕੀਤੀ ਗਈ ਹੈ ਤਾਂ ਜੋਂ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਇਆ ਜਾ ਸਕੇ ।ਇਸ ਮੀਟਿੰਗ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵਿੱਚ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਸਤਨਾਮ ਸਿੰਘ ਮਨਾਵਾ, ਗੁਰਿੰਦਰ ਸਿੰਘ ਬਾਜਵਾ, ਗੁਰਦੀਪ ਸਿੰਘ ਬਠਿੰਡਾ , ਸ ਬਲਵਿੰਦਰ ਸਿੰਘ , ਪਾਲ ਸਿੰਘ ਫਰਾਂਸ , ਗੁਰਿੰਦਰ ਸਿੰਘ ਬਾਜਵਾ , ਜਥੇਦਾਰ ਭਰਭੂਰ ਸਿੰਘ ਧਾਂਦਰਾ ਸ ਹਰਬੰਸ ਸਿੰਘ ਮੰਝਪੁਰ ਆਦਿ ਮੈਂਬਰ ਹਾਜ਼ਰ ਸਨ।

## ਬਰਤਾਨੀਆਂ ਦੇ ਲੈਸਟਰ ਸ਼ਹਿਰ ਵਿਖੇ

# ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ











ਆਵਾਜ਼ਿ ਕੌਮ
AWAZE QAUM
International Newspaper & WEB TV

**ਆਵਾਜ਼ਿ ਕੌਮ ਬਿਊਰੋ ਦੀ ਵਿਸ਼ੇਸ਼ ਰਿਪੋਰਟ**

ਇਸ ਸਾਲ ਦਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਬਹੁੱਤ ਹੀ ਸ਼ਰਧਾ ਭਾਵਨਾ ਨਾਲ ਬਰਤਾਨੀਆ ਦੇ ਸ਼ਹਿਰ ਲੈਸਟਰ ਦੀ ਵਿਗਸਟਨ ਲਾਇਬਰੇਰੀ ਵਿਖੇ ਮਨਾਇਆ ਗਿਆ ਜਿਸ ਵਿੱਚ ਇਲਾਕੇ ਦੇ ਮੇਅਰ, ਓਡਬੀ ਵਿਗਸਟਨ ਦੇ ਮੁਖੀ, ਪੰਜਾਬੀ ਕਲਾਕਾਰਾਂ, ਪੱਤਰਕਾਰ, ਰੇਡੀਓ ਤੇ ਟੈਲੀਵਿਯਨ ਪੇਸ਼ਕਾਰ ਅਤੇ ਪੰਜਾਬੀ ਬੋਲੀ ਨੂੰ ਦਿਲੋਂ ਪਿਆਰ ਕਰਨ ਵਾਲਿਆਂ ਨੇ ਹਿੱਸਾ ਲਿਆ। ਇਸ ਸਮੇ ਬਰਤਾਨੀਆ ਦੇ ਜਮਪਲ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਪ੍ਰੇਰਤ ਕੀਤਾ ਗਿਆ। ਬੱਕਿੰਗੱਮ ਪੈਲਸ ਤੋਂ ਰਾਜਾ ਚਾਰਲਜ ਨੇ ਇਸ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਸਮਾਗਮ ਲਈ ਸ਼ੁੱਭ ਇਸ਼ਾਵਾਂ ਭੇਜੀਆਂ। ਲੈਸਟਰਸ਼ਾਇਰ ਲਾਇਬਰੇਰੀਜ ਦੇ ਮੁਖੀ ਫਰੈਨ ਵਿਲਜ ਨੇ ਬਹੁੱਤ ਖ਼ੁਸ਼ੀ ਮਿਹਸੂਸ ਕੀਤੀ ਕਿ ਇਹ ਸਮਾਗਮ ਉਨ੍ਹਾ ਦੀ ਲਾਇਬਰੇਰੀ ਵਿੱਚ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ ਦੀ ਅਰੰਭਤਾ ਗਿਆਨੀ ਜਸਵਿੰਦਰ ਸਿੰਘ ਜੀ ਨੇ ਸਿੱਖ ਅਰਦਾਸ ਨਾਲ ਕੀਤੀ। ਉਪਰੰਤ ਓਡਬੀ ਅਤੇ ਵਿਗਸਟਨ ਦੇ ਮੇਅਰ ਰੋਜਮਅਰੀ ਐਡਮਜ ਜੀ ਨੇ ਦੱਸਿਆ ਕਿ ਜਦੋਂ ਦੇ ਪੰਜਾਬੀ ਲਿਸਨਰਜ ਕਲੱਬ ਸਥਾਪਤ ਹੋਇਆ ਹੈ ਇਨ੍ਹਾ ਨੇ ਕਈ ਚੈਰੀਟੀਆਂ ਲਈ ਮਾਇਆ ਇਕੱਠੀ ਕੀਤੀ ਹੈ ਅਤੇ 2015 ਵਿੱਚ ਪੰਜਾਬੀ ਲਿਖਣ ਦੇ ਮੁਕਾਬਲੇ ਅਤੇ ਰਾਸ਼ਟਰੀ ਪੰਜਾਬੀ ਕੰਨਫਰੰਸ ਦਾ ਪ੍ਰਬੰਧ ਕੀਤਾ ਸੀ ਜੋ ਬਹੁੱਤ ਕਾਮਯਾਬ ਸਨ। ਇੱਥੇ ਕਈ ਧਰਮਾਂ ਦੇ ਲੋਕ ਆਪਣੀ ਆਪਣੀ ਬੋਲੀ ਬੋਲਦੇ ਹੋਏ ਖ਼ੁਸ਼ੀ ਨਾਲ ਰਿਹ ਰਹੇ ਹਨ।

ਗਿਆਨੀ ਜਸਵਿੰਦਰ ਸਿੰਘ ਜੀ ਨੇ ਕਿਹਾ ਕਿ ਸਾਡੇ ਗੁਰੂ ਸਹਿਬਾਨ ਬਹੁੱਤ ਬੋਲੀਆਂ ਦੇ ਮਾਹਿਰ ਸਨ। ਦਸੇ ਪਾਤਸ਼ਾਹੀਆਂ ਬਹੁੱਤ ਬੋਲੀਆਂ ਬੋਲ ਅਤੇ ਪੜ੍ਹ ਲਿਖ ਸਕਦੇ ਸਨ। ਗੁਰੁ ਨਾਨਕ ਦੇਵ ਜੀ ਮਹਾਰਾਜ ਦੇ ਸਮੇ ਹਿੰਦੂ ਮੱਤ ਅੰਦਰ ਕਿਹਾ ਜਾਂਦਾ ਸੀ ਕਿ ਹਿੰਦੀ ਅਤੇ ਸੰਸਕ੍ਰਿਤ ਦੇਵ ਬੋਲੀ ਹੈ ਅਤੇ ਮੁਸਲਮਾਨ ਮਜਹਬ ਫਾਰਸੀ ਨੂੰ ਰੱਬੀ ਕਲਾਮ ਆਖਦਾ ਸੀ ਤੇ ਮਹਾਰਾਜ ਨੇ ਕਿਹਾ ਕਿ ਸਾਰੀਆਂ ਬੋਲੀਆਂ ਉਸ ਪ੍ਰਮਾਤਮਾ ਦੀਆਂ ਹਨ ਤੇ ਗੁਰੁ ਨਾਨਕ ਦੇਵ ਜੀ ਨੇ ਸਾਨੂ ਪੰਜਾਬੀ ਬੋਲੀ ਦਿੱਤੀ ਅਤੇ ਸਮਜਾਇਆ ਕਿ ਸਿੱਖ ਜਿਹੜੀ ਮਰਜੀ ਭਾਸ਼ਾ ਸਿੱਖੇ ਪਰ ਇਸ ਲਈ ਪੰਜਾਬੀ ਸਿੱਖਣੀ ਬਹੁੱਤ ਜਰੂਰੀ ਹੈ। ਇਹ ਗੱਲ ਅਯੋਕੀ ਰਹਿਤ ਮਰਿਆਦਾ ਵਿੱਚ ਵੀ ਦਰਜ ਹੈ ਕਿ ਹਰੇਕ ਸਿੱਖ ਦਾ ਬੱਚਾ ਪੰਜਾਬੀ ਸਿੱਖੇ ਤਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ।

ਬੀ.ਬ.ੀ.ਸੀ. ਰੇਡੀਓ ਲੈਸਟਰ ਪੰਜਾਬੀ ਪ੍ਰੋਗਰਾਮ ਦੀ ਪੇਸ਼ਕਾਰਾ {1992-2012} ਗੁਰਪ੍ਰੀਤ ਕੌਰ ਜੀ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਮਾਂ-ਬੋਲੀ ਲਈ ਹੋਰ ਵੀ ਜਿਆਦਾ ਮਿਹਨਤ ਕਰਨ ਦੀ ਲੋੜ ਹੈ। ਪੰਜਾਬੀ ਸਾਡੀ ਹੋਂਦ ਹੈ, ਪਿਹਚਾਨ ਹੈ, ਸਾਡੀ ਜਾਨ ਅਤੇ ਸ਼ਾਨ ਹੈ, ਇਸ ਵਿੱਚ ਸਾਡਾ ਧਰਮ ਤੇ ਇਤਿਹਾਸ ਹੈ। ਛੋਟੇ ਬੱਚੇ ਪੰਜਾਬੀ ਨਾਲ ਜੁੜਨਾ ਚਾਹੁੰਦੇ ਹਨ। ਜੇ ਅਸੀਂ ਪੰਜਾਬੀ ਬਾਰੇ ਬੱਚਿਆਂ ਨੂੰ ਦੱਸਾਂਗੇ ਤਾਂ ਉਨ੍ਹਾਂ ਵਿੱਚ ਜਾਗਰਤੀ ਹੋਰ ਵੀ ਵਧੇਗੀ। ਬੱਚਿਆਂ ਨੂੰ ਇਸ ਤਰਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਆਪਾਂ ਪਤਾ ਕਰੀਏ ਕਿ ਉਹ ਕਿਸ ਤਰਾਂ ਦੇ ਪ੍ਰੋਗਰਾਮ ਉਜਾਗਰ ਕਰਨਾ ਚਾਹੁੰਦੇ ਹਨ। ਆਖੀਰ ਵਿੱਚ ਉਨ੍ਹਾ ਨੇ ਪ੍ਰਸਿੱਧ ਗੀਤਕਾਰ ਹਰਬੰਸ ਸਿੰਘ ਜੰਡੂ ਲਿਤਰਾਂ ਵਾਲਾ ਦਾ ਭੇਜਿਆ ਹੇਠ ਲਿਖਿਆ ਗੀਤ ਪੜ੍ਹਿਆ ਜੋ ਸਾਰਿਆਂ ਨੇ ਬਹੁੱਤ ਪਸੰਦ ਕੀਤਾ।

ਮਾਂ-ਬੋਲੀ

ਮੌਸਮ ਬਦਲੇ ਰੁੱਤ ਬਦਲ ਗਈ,
ਦੁਨੀਆ ਬਦਲੀ ਤਾਂ ਦਿਸਦੀ ਏ।
ਜਿੱਸ ਮਿੱਟੀ ਵਿੱਚ ਜਨਮ ਲਿਆ ਸੀ,
ਅੱਜ ਉਹ ਬਦਲੀ ਜਾ ਦਿਸਦੀ ਏ।
ਪਿੰਡ ਦਿਆਂ ਬੋਹੜਾਂ ਪਿਪਲਾਂ ਵਾਲੀ'
ਅਜੇ ਸੁਰਗ ਦੀ ਥਾਂ ਦਿਸਦੀ ਏ।
ਮਾਂ-ਬੋਲੀ ਪੰਜਾਬੀ ਵਿੱਚੋਂ,
ਮੈਨੂੰ ਆਪਣੀ ਮਾਂ ਦਿਸਦੀ ਏ।

ਮਾਂ ਦਾ ਗੀਤ

ਖੰਡ ਮਿਸ਼ਰੀ ਤੋਂ ਮਿੱਠੇ ਮਿੱਠੇ
ਮਿੱਠੇ ਤੇਰੇ ਬੋਲ-ਨੀ ਮਾਏ ਮੇਰੀਏ।
ਇਕ ਪਲ ਵੀ ਮੇਥੋਂ ਦੂਰ ਨਾ ਹੋਵੀਂ
ਵੱਸ ਅੱਖੀਆਂ ਦੇ ਕੋਲ- ਨੀ ਮਾਏਂ ਮੇਰੀਏ।

ਤੇਰੇ ਕਦਮਾਂ ਦੇ ਵਿੱਚ ਜੰਨਤ,
ਤੂੰ ਅੰਮ੍ਰਿਤ ਤੋਂ ਸੁੱਚੀ।
ਮੇਰੇ ਦਿਲ ਵਿੱਚ ਰੱਬ ਨਾਲੋਂ ਵੀ,
ਥਾਂ ਤੇਰੀ ਹੈ ਉੱਚੀ।
ਸੋਨਾ ਚਾਂਦੀ ਦੌਲਤ ਕੁੱਝ ਨਹੀਂ,
ਪਿਆਰ ਤੇਰਾ ਅਨਮੋਲ-ਨੀ ਮਾਏ ਮੇਰੀਏ।
ਇੱਕ ਪਲ ਵੀ ਮੈਥੋਂ ਦੂਰ ਨਾ ਹੋਵੀਂ- ਵੱਸ ਅੱਖੀਆਂ ਦੇ ਕੋਲ- ਨੀ ਮਾਏ।
ਮਾਂ ਹੱਸੇ ਤਾਂ ਦੁਨੀਆ ਹੱਸਦੀ,
ਮਾਂ ਰੋਵੇ ਜੱਗ ਰੋਵੇ।
ਜ਼ਖਮ ਆਪਣੇ ਬੱਚਿਆਂ ਦੇ ਮਾਂ,
ਹੰਝੂਆਂ ਦੇ ਨਾਲ ਧੋਵੇ।
ਤੇਰਾ ਸਾਇਆ ਸਿਰ ਤੇ ਹੁਦਿੰਆਂ,
ਮੈਂ ਨਹੀਂ ਸਕਦੀ ਡੋਲ-ਨੀ ਮਾਏ ਮੇਰੀਏ,
ਇੱਕ ਪਲ ਵੀ ਮੈਥੋਂ ਦੂਰ ਨਾ
ਹੋਵੀਂ-ਵੱਸ ਅੱਖੀਆਂ ਦੇ ਕੋਲ-ਨੀ ਮਾਏ।
ਬਿਪਤਾ ਪਈ ਤੇ ਸੱਭ ਮੁੱਖ ਮੋੜਨ,
ਮਾਂ ਨਾ ਵੱਟਦੀ ਪਾਸੇ।
ਜੰਡੂ ਲਿਤਰਾਂ ਵਾਲਿਆ, ਦੁੱਖ ਵਿੱਚ,
ਮਾਂ-ਪਿਉ ਦੇਣ ਦਿਲਾਸੇ।
ਦਿਲ ਹੌਲਾ ਕਰ ਲਵਾਂ ਤੇਰੇ ਕੋਲ,
ਆਪਣਾ ਦਰਦ ਫਿਰੋਲ-ਨੀ ਮਾਏ ਮੇਰੀਏ॥
ਇੱਕ ਪਲ ਵੀ ਮੈਥੌਂ ਦੂਰ ਨਾਂ
ਹੋਵੀਂ-ਵੱਸ ਅੱਖੀਆਂ ਦੇ ਕੋਲ-ਨੀ ਮਾਏ।

ਗਾਇਕ ਦਲਜੀਤ ਨੀਰ ਨੇ ਇਸ ਸਮਾਗਮ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਤੇ ਬਾਬਾ ਨਜ਼ਮੀ ਦਾ ਇੱਕ ਗੀਤ ਗਾਇਆ। ਉਨ੍ਹਾ ਨੇ ਇਹ ਵੀ ਕਿਹਾ ਕਿ ਗਾਇਕ ਦਾ ਇਹ ਫਰਜ਼ ਨਹੀਂ ਕਿ ਉਹ ਗੰਦੇ ਅਤੇ ਹਥਿਆਰਾਂ ਵਾਲੇ ਗੀਤ ਗਾਵੇ ਜਿਸ ਰਾਹੀਂ ਉਹ ਨਵੀਂ ਪੀੜ੍ਹੀ ਨੂੰ ਹੌਲੀ ਹੌਲੀ ਜਿਹਰ ਦੇ ਰਹੇ ਹਨ। ਉਨ੍ਹੀ ਬੇਨਤੀ ਕੀਤੀ ਕਿ ਅੱਛੇ ਗੀਤ ਅਤੇ ਵਿਡੀਓ ਬਣਾਏ ਜਾਣ ਜੋ ਪ੍ਰਵਾਰ ਵਿੱਚ ਦੇਖੇ ਤੇ ਸੁਣੇ ਜਾ ਸਕਣ।

ਪੰਜਾਬੀ ਗਾਇਕ ਕੁਲਬਿੰਦਰ ਸਿੰਘ ਰਾਏ ਨੇ ਦੱਸਿਆ ਕਿ ਇਹ ਇਕੱਠ ਬਹੁੱਤ ਹੀ ਵਧੀਆ ਹੈ ਅਤੇ ਹੋਰ ਵੀ ਹੋਣੇ ਚਾਹੀਦੇ ਹਨ। ਹੋਰ ਬੋਲੀ ਜਿਹੜੀ ਮਰਜੀ ਸਿਖੋ ਜਿਵੇਂ ਜਰਮਨ, ਫਰਿੰਚ, ਸਪੈਨਿੱਚ ਪਰ ਆਪਣੀ ਮਾਂ-ਬੋਲੀ ਪੰਜਾਬੀ ਜਰੂਰ ਸਿੱਖਣੀ ਚਾਹੀਦੀ ਹੈ।

ਗੁਰੂ ਕਾਸ਼ੀ ਯੁਨਿਵਰਸਿਟੀ ਦੇ ਔਫੀਸ਼ੀਏਟਿੰਗ ਵਾਈਸ ਚੈਂਸਲਰ ਪ੍ਰੋਫੈਸਰ ਜਗਤਾਰ ਸਿੰਘ ਧੀਮਾਨ ਜੀ ਨੇ ਆਪਣਾ ਓਡੀਓ ਸੁਨੇਹਾ ਭੇਜਿਆ ਜਿਸ ਵਿੱਚ ਉਨ੍ਹੀ ਦੱਸਿਆ ਕਿ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਹਰੇਕ ਸਾਲ 21 ਫਰਵਰੀ ਨੂੰ ਮਨਾਇਆ ਜਾਂਦਾ ਹੈ। ਇਹ ਇੱਕ ਮਹੱਤਵਪੂਰਵ ਅਵਸਰ ਹੁੰਦਾ ਹੈ ਜੋ ਸਰਹੱਦਾਂ ਤੋਂ ਪਾਰ ਵੀ ਓਸੇ ਸ਼ਿੱਦਤ ਨਾਲ ਮਨਾਇਆ ਜਾਂਦਾ ਹੈ। ਇਸ ਦਾ ਉਦੇਸ਼ ਵਿਸ਼ਵ ਭਰ ਵਿੱਚ ਭਾਸ਼ਾਈ ਤੇ ਸੱਭਿਆਚਾਰਕ ਵਨ ਸਵੰਨਤਾ ਨੂੰ ਵਧਾਉਣਾ ਹੁੰਦਾ ਹੈ। ਇਹੋ ਜਹੇ ਉਪਰਾਲੇ ਜਾਰੀ ਰਹਿਣੇ ਚਾਹੀਦੇ ਹਨ।

ਚੰਨੀ ਸਿੰਘ ਓ.ਬੀ.ਈ. ਅਲਾਪ ਗਰੁੱਪ ਵਾਲਿਆਂ ਨੇ ਬਹੁੱਤ ਸ਼ਰਧਾ ਭਾਵਨਾ ਨਾਲ ਗਾ ਕੇ ਸੁਨੇਹਾ ਭੇਜਿਆ ਅਤੇ ਕਿਹਾ ਕਿ ਇਹ ਸਮਾਗਮ ਆਉਣ ਵਾਲੀ ਪੀੜ੍ਹੀ ਨੂੰ ਮਾਂ-ਬੋਲੀ ਪੰਜਾਬੀ ਸਿੱਖਣ, ਲਿਖਣ, ਬੋਲਣ ਅਤੇ ਪੜ੍ਹਣ ਲਈ ਹੋਰ ਵੀ ਪ੍ਰੇਰਤ ਕਰੇਗਾ। ਪੰਜਾਬੀ ਗੀਤ ਅੱਗੇ ਪਿੰਡਾਂ ਤੱਕ ਹੀ ਸੀਮਤ ਸੀ ਪਰ ਅਸੀਂ ਆਪਣੇ ਗੀਤਾਂ ਦੁਆਰਾ ਪੰਜਾਬੀ ਗੀਤਾਂ ਨੂੰ ਦੁਨੀਆਂ ਦੇ ਕੋਨੇ ਕੋਨੇ ਤੇ ਪਹੁੰਚਾਇਆ। ਗੀਤਾਂ ਰਾਹੀਂ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਵੀ ਆਪਣੇ ਸਮਾਜ ਨਾਲ ਜੋੜਿਆ। ਆਓ ਆਪਣੀ ਬੋਲੀ ਅਤੇ ਆਪਣੇ ਵਿਰਸੇ ਨੂੰ ਜਿਉਂਦਾ ਰੱਖਕੇ ਆਪਣੇ ਮਾਂ-ਬਾਪ ਅਤੇ ਵਡੇਰਿਆਂ ਦੀਆਂ ਅਸੀਸਾਂ ਲਈਏ।

ਪੰਜਾਬੀਆ ਨੂੰ ਬਹੁੱਤ ਹੀ ਜਿਆਦਾ ਮਾਣ ਹੈ ਕਿ ਇੱਕ ਪੰਜਾਬਣ ਸਮੀਆ ਹੱਕ ਜੀ, ਜਿਨ੍ਹਾਂ ਦਾ ਪਛੋਕੜ ਜਿਲ੍ਹਾ ਜਲੰਧਰ ਵਿੱਚ ਪਿੰਡ ਤਲਵਣ ਹੈ, ਓਡਬੀ ਅਤੇ ਵਿਗਸਟਨ ਦੇ ਕੁੱਝ ਸਾਲਾਂ ਤੋਂ ਮੁਖੀ ਹਨ। ਉਨ੍ਹਾਂ ਨੇ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਨ ਲਈ ਸ਼ਿੰਦਰ ਕੌਰ ਰਾਏ, ਸੰਗੀਤਾ ਵਿੱਗ, ਜੀ ਕੌਰ ਪੌਲੀ, ਇੰਡੀ ਸਮਰਾ ਕੁਲਬਿੰਦਰ ਸਿੰਘ ਰਾਏ ਨੂੰ ਟਰੋਫੀਆਂ ਪੇਸ਼ ਕੀਤੀਆਂ ਅਤੇ ਬੱਚਿਆਂ ਨੂੰ ਪੰਜਾਬੀ ਗੁੱਡੀ ਬੈਗਜ ਪੇਸ਼ ਕੀਤੇ।

ਜਸਪਾਲ ਸਿੰਘ ਜੀ ਨੇ ਸਟੇਜ ਦੀ ਸੇਵਾ ਬਾਖ਼ੂਬੀ ਨਾਲ ਨਿਭਾਈ ਅਤੇ ਤਰਲੋਚਨ ਸਿੰਘ ਚੰਨ ਜੰਡਆਲਵੀ ਜੀ ਦਾ ਭੇਜਿਆ ਗੀਤ ਪੇਸ਼ ਕੀਤਾ ਜਿਸ ਦੀਆਂ ਕੁੱਝ ਸਤਰਾਂ ਇੰਝ ਸਨ:

ਐ ਮਾਂ-ਬੋਲੀ ਪੰਜਾਬੀ - ਤੇਰੀ ਚੜ੍ਹਦੀ ਸ਼ਾਨ ਰਹੇ,
ਤੇਰੀ ਚੜ੍ਹਦੀ ਕਲਾ ਹੋਵੇ-ਤੇਰਾ ਜੱਗ 'ਚ ਮਾਣ ਰਹੇ।
.....
ਮਾਂ-ਬੋਲੀ ਮਾਂ ਜਨਣੀ ਦਾ-ਜਿਸ ਦਿਲ ਅੰਦਰ ਇਹਸਾਸ ਨਹੀਂ।
ਹੈਵਾਨ ਸ਼ੇਤਾਨ ਤਾਂ ਹੋ ਸਕਦਾ-ਹੋ ਸਕਦਾ ਪਰ ਇਨਸਾਨ ਨਹੀਂ।

ਇਸ ਪੰਜਾਬੀਆਂ ਦੇ ਜੋੜ ਮੇਲੇ ਦੇ ਪ੍ਰਬੰਧਕ ਪੰਜਾਬੀ ਲਿਸਨਰਜ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਨੇ ਇੰਦਰਜੀਤ ਹਸਨਪੁਰੀ ਜੀ ਦਾ ਲਿਖਿਆ ਗੀਤ ਗਾ ਕੇ ਸੁਣਵਾਇਆ ਜਿਸ ਦੀਆਂ ਪਹਿਲੀਆਂ ਕੁੱਝ ਸਤਰਾਂ ਇਹ ਸਨ ' ਮਾਂ ਬੋਲੀ ਪੰਜਾਬੀ ਸਾਡੀ ਇਸ ਦਾ ਮਾਣ ਵਧਾਈਏ, ਬਣ ਕੇ ਮਾਂ ਦੇ ਨੇਕ ਸਪੁੱਤਰ ਆਪਣਾ ਫਰਜ਼ ਨਿਭਾਈਏ'। ਕਲੱਬ ਵਲੋਂ ਬਰਤਾਨੀਆ ਦੇ ਵਿੱਦਿਆ ਮੰਤਰੀ ਜਿਲੀਅਨ ਕੀਗਨ ਜੀ ਨੂੰ ਚਿੱਠੀ ਲਿਖੀ ਹੋਈ ਹੈ ਕਿ ਯੂ.ਕੇ. ਦੇ ਸਕੂਲਾਂ ਵਿੱਚ ਪੰਜਾਬੀ ਕਿਹੜੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ ਅਤੇ ਬਾਕੀਆਂ ਵਿੱਚ ਇਹ ਲਾਗੂ ਕਰਨ ਲਈ ਕਿਹੜੀਆਂ ਸ਼ਰਤਾਂ ਪੂਰੀਆਂ ਕਰਨ ਦੀ ਲੋੜ ਹੈ। ਅਸੀਂ ਆਸ ਰੱਖਦੇ ਹਾਂ ਕਿ ਆਉਣ ਵਾਲੇ ਸਮੇ ਵਿੱਚ ਇਸ ਲਾਇਬਰੇਰੀ ਵਿੱਚ ਪੰਜਾਬੀ ਦੀਆਂ ਅਖਬਾਰਾਂ, ਰਸਾਲੇ ਕਿਤਾਬਾਂ ਆਦਿ ਰੱਖੇ ਜਾਣਗੇ। ਕਿਸੇ ਨੇ ਦਾਸ ਨੂੰ ਦੱਸਿਆ ਸੀ ਕਿ ਪਹਿਲਾਂ ਤਾਂ ਪੰਜਾਬੀ ਲਾਇਬਰੇਰੀ ਵਿੱਚ ਨਹੀਂ ਜਾਂਦੇ, ਜੇ ਅੰਦਰ ਚਲੇ ਜਾਣ ਫਿਰ ਕੋਈ ਕਿਤਾਬ ਘਰ ਲੈ ਕੇ ਨਹੀਂ ਜਾਣਗੇ, ਪਰ ਜੇ ਕਿਤਾਬਾਂ ਘਰ ਲੈ ਜਾਣ ਤਾਂ ਫਿਰ ਕਦੇ ਮੋੜਦੇ ਨਹੀਂ ਹਨ। ਉਨ੍ਹਾ ਨੇ ਸੱਭ ਦਾ ਧੰਨਵਾਦ ਕੀਤਾ ਜਿਨ੍ਹਾ ਨੇ ਭਾਗ ਲੈ ਕੇ ਇਸ ਸਾਲ ਦੇ ਮਾਂ-ਬੋਲੀ ਦਿਵਸ ਦੀਆਂ ਰੌਣਕਾਂ ਵਧਾਈਆਂ ਅਤੇ ਕਾਮਯਾਬ ਬਣਾਇਆ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਹਾਈ ਸਕੂਲ ਨਵਾਂ ਤਨੇਲ ਦੇ ਮੁੱਖ ਅਧਿਆਪਕਾ ਜਸਵਿੰਦਰ ਕੌਰ ਹੋਏ ਸੇਵਾ ਮੁਕਤ, ਸਾਥੀ ਟੀਚਰਾਂ ਵੱਲੋਂ ਦਿੱਤੀ ਨਿੱਘੀ ਵਿਦਾਇਗੀ



**ਚੌਕ ਮਹਿਤਾ, 1 ਮਾਰਚ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਰਕਾਰੀ ਹਾਈ ਸਕੂਲ ਨਵਾਂ ਤਨੇਲ ਦੀ ਮੁੱਖ ਅਧਿਆਪਕਾ ਜਸਵਿੰਦਰ ਕੌਰ ਬੜੇ ਮਾਨ ਸਨਮਾਨ ਨਾਲ ਸੇਵਾ ਮੁਕਤ ਹੋ ਗਏ ਹਨ, ਜਾਣਕਾਰੀ ਦੇਂਦੇ ਹੋਏ ਮਾਸਟਰ ਸੁਖਵਿੰਦਰ ਸਿੰਘ ਅਰਜਮਮਾਂਗਾ ਨੇ ਦੱਸਿਆ ਕੇ ਮੈਡਮ ਜਸਵਿੰਦਰ ਕੌਰ ਪਤਨੀ ਮਾਸਟਰ ਕਸਮੀਰ ਸਿੰਘ ਨਵਾਂ ਤਨੇਲ ਜੋ ਕੇ ਲੰਬੇ ਸਮੇਂ ਤੋਂ ਨਵਾਂ ਤਨੇਲ ਵਿਖੇ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾ ਰਹੇ ਸਨ ਜਿੰਨ੍ਹਾਂ ਨੇ ਬੜੀ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਅਤੇ ਅੱਜ ਸੇਵਾ ਮੁਕਤ ਹੋ ਗਏ ਹਨ ਨਿੱਘੀ ਵਿਦਾਇਗੀ ਸਮੇਂ ਸਮੂਹ ਸਟਾਫ ਮਾ.ਜਸਵੰਤ ਸਿੰਘ, ਰੁਪਿੰਦਰ ਕੌਰ, ਨਵਜੋਤ ਕੌਰ, ਮਨਵਿੰਦਰ ਕੌਰ, ਕੰਵਰਬੀਰ ਸਿੰਘ, ਕੰਵਲਪ੍ਰੀਤ ਸਿੰਘ, ਜਗਦੀਪ ਸਿੰਘ, ਪੁਨੀਤ ਕੌਰ, ਜੋਤੀ ਸ਼ਰਮਾਂ, ਜਸਬੀਰ ਕੌਰ, ਦਰਜਾ ਚਾਰ ਕਰਮਚਾਰੀ ਮੇਜਰ ਸਿੰਘ ਅਤੇ ਸਤਨਾਮ ਸਿੰਘ ਆਦਿ ਤੋਂ ਇਲਾਵਾ ਮੈਡਮ ਜਸਵਿੰਦਰ ਕੌਰ ਤੇ ਪਤੀ ਮਾਸਟਰ ਕਸਮੀਰ ਸਿੰਘ ਵੀ ਹਾਜ਼ਰ ਸਨ।

# ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਜਲਦ ਲਾਗੂ ਕਰੇ ਕੇਂਦਰ ਸਰਕਾਰ-ਸਰਪੰਚ-ਕਸਮੀਰ ਸਿੰਘ, ਹਰਜਿੰਦਰ ਸਿੰਘ ਜੱਜ



**ਚੋਕ ਮਹਿਤਾ, 1 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਜੰਡਿਆਲਾ ਗੁਰੂ ਤੋਂ ਕਿਸਾਨਾਂ ਦੇ ਹੱਕ ਵਿੱਚ ਟਰੈਕਟਰ ਮਾਰਚ ਕੱਢਿਆ ਗਿਆ। ਇਸ ਸਬੰਧੀ ਸਰਪੰਚ ਸਰਪੰਚ ਕਸ਼ਮੀਰ ਸਿੰਘ ਮਹਿਤਾ ਤੇ ਸਰਪੰਚ ਹਰਜਿੰਦਰ ਸਿੰਘ ਜੱਜ ਸਾਂਝੇ ਬਿਆਨ ਵਿੱਚ ਦੱਸਿਆ ਕਿ ਕੇਂਦਰ ਸਰਕਾਰ ਜਾਣ ਬੁੱਝ ਕੇ ਕਿਸਾਨਾਂ ਨੂੰ ਖੱਜਲ ਖਰਾਬ ਕਰ ਰਹੀ ਹੈ ਤੇ ਆਪਣਾ ਹੱਕ ਮੰਗ ਰਹੇ ਕਿਸਾਨਾਂ ਤੇ ਤਸ਼ੱਦਦ ਢਾਹ ਰਹੀ ਹੈ ਜਿਸ ਦਾ ਖਮਿਆਜਾ ਉਸ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ ਕਾਂਗਰਸ ਪਾਰਟੀ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦੀ ਹੈ ਅਤੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ ਇਸ ਮੌਕੇ ਸਰਪੰਚ ਸਲਵਿੰਦਰ ਸਿੰਘ ਟੋਨਾ, ਸਾਬਕਾ ਸਰਪੰਚ ਮਹਿੰਗਾ ਸਿੰਘ ਚੂੰਗ, ਹਰਪ੍ਰੀਤ ਸਿੰਘ ਹੈਪੀ ਚੂੰਗ, ਮੈਂਬਰ ਕੰਵਲਜੀਤ ਸਿੰਘ ਮਹਿਤਾ, ਮੈਂਬਰ ਤੀਰਥ ਸਿੰਘ ਸਮੇਂਤ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਨਾਲ ਸਨ।

# ਪੱਲਸ ਪੋਲੀਓ ਰਾਓਂਡ ਲਈ ਜ਼ਿਲ੍ਹਾ ਟਾਸਕ ਫੋਰਸ ਦੀ ਕੀਤੀ ਮੀਟਿੰਗ



**ਚੌਕ ਮਹਿਤਾ, 1 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਹਤ ਵਿਭਾਗ ਵਲੋਂ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰਪਾਲ ਸਿੰਘ ਬਾਜਵਾ ਜੀ ਦੀ ਪ੍ਰਧਾਨਗੀ ਹੇਠਾਂ ਵਿਸ਼ਵ ਸਿਹਤ ਸੰਗਠਨ ਵਲੋਂ ਮਿਤੀ 3,4,ਅਤੇ 5 ਮਾਰਚ 2024 ਨੂੰ ਕੀਤੇ ਜਾਣ ਵਾਲੇ ਪੱਲਸ ਪੋਲਿਓ ਰਾਓਂਡ ਦੀ ਕਾਮਯਾਬੀ ਲਈ ਜਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਹੋਏ ਜਿਨ੍ਹਾਂ ਵਿਚ, ਬਿਜਲੀ ਬੋਰਡ, ਸੋਸਲ ਸਕਿਓਰਟੀ ਵਿਭਾਗ, ਰੇਲਵੇ, ਮੈਡੀਕਲ ਕਾਲਜ, ਨਰਸਿੰਗ ਕਾਲਜ, ਆਈ.ਐਮ.ਏ., ਆਂਗਨਵਾੜੀ ਵਿਭਾਗ, ਸਿਖਿਆ ਵਿਭਾਗ, ਪੁਲਿਸ ਪ੍ਰਸ਼ਾਸ਼ਨ, ਬਲਾਕਾ ਦੇ ਸੀਨੀਅਰ ਮੈਡੀਕਲ ਅਫਸਰ ਅਤੇ ਸ਼ਹਿਰੀ ਮੈਡੀਕਲ ਅਫਸਰਾ ਨੇ ਸ਼ਮੂਲੀਅਤ ਵਿਚ ਕੀਤੀ ਗਈ। ਇਸ ਅਵਸਰ ਤੇ ਜਿਲ੍ਹਾ ਟੀਕਾਕਰਨ ਅਫਸਰ ਡਾ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਪਲਸ ਪੋਲੀਓ ਰਾਂਓਡ ਲਈ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੱਕੀਆਂ ਹਨ। ਬੇਸ਼ਕ ਭਾਰਤ ਪੋਲਿਓ ਮੁਕਤ ਦੇਸ਼ਾ ਦੀ ਗਿਣਤੀ ਵਿਚ ਆ ਚੁੱਕਾ ਹੈ, ਪਰ ਫਿਰ ਵੀ ਇਸ ਮੁਕਾਮ ਨੂੰ ਬਰਕਰਾਰ ਰੱਖਣ ਲਈ ਵਿਸ਼ਵ ਸਿਹਤ ਸੰਗਠਨ ਵਲੋ ਇਹ ਰਾਊਡ ਚਲਾਏ ਜਾ ਰਹੇ ਹਨ ਉਨਾ ਨੇ ਕਿਹਾ ਪੋਲੀਓ ਵਰਗੀ ਲਾ-ਇਲਾਜ ਬਿਮਾਰੀ ਨਾਲ ਨਜਿਠਣ ਲਈ ਇਕਲੇ ਸਿਹਤ ਵਿਭਾਗ ਨੂੰ ਹੀ ਕਮਰਬੰਦ ਹੋਣ ਦੇ ਨਾਲ ਬਾਕੀ ਵਿਭਾਗਾਂ ਦੇ ਸਹਿਯੋਗ ਦੀ ਉਨੀ ਹੀ ਲੋੜ ਹੈ।ਇਸ ਆਓਣ ਵਾਲੇ ਰਾਊਡ ਲਈ ਸਿਹਤ ਵਿਭਾਗ ਵਲੋ ਮੁਕੰਮਲ ਤੋਰ ਤੇ ਤਿਆਰੀ ਕਰ ਲਈ ਗਈ ਹੈ। ਉਨਾਂ ਕਿਹਾ ਕਿ ਇਸ ਰਾਊਡ ਵਿਚ ਯਕੀਨੀ ਬਣਾਇਆ ਜਾਵੇਗਾ ਕਿ ਨਵ-ਜਨਮੇ ਬੱਚੇ ਤੋ ਲੈਕੇ 5 ਸਾਲ ਤੱਕ ਦਾ ਕੋਈ ਵੀ ਬੱਚਾ ਜੀਵਨ ਰੂਪੀ ਪੌਲੀਓ ਦੀਆ 2 ਬੂੰਦਾਂ ਤੋ ਵਾਂਝਾ ਨਾਂ ਰਹੇ।ਇਸ ਮੌਕੇ ਤੇ ਡਬਯੂ.ਐਚ.ਓ. ਤੋਂ ਡਾ ਇਸ਼ਿਤਾ ਨੇ ਕਿਹਾ ਕਿ ਇਸ ਰਾਊਡ ਤਹਿਤ 0 ਤੋ 5 ਸਾਲ ਦੇ 145747 ਬੱਚਿਆ ਨੂੰ 1166 ਟੀਮਾਂ ਵਲੋ ਪੋਲੀਓ ਦੀਆਂ 2 ਬੂੰਦਾਂ ਪਿਲਾਈਆ ਜਾਣਗੀਆ ਅਤੇ 117 ਸੁਪਰਵਾਈਜਰਾ ਵਲੋ ਇਨਾਂ ਦਾ ਨਿਰੀਖਣ ਕੀਤਾ ਜਾਵੇਗਾ। ਇਸ ਮੌਕੇ ਜਿਲਾ ਐਪੀਡਿਮੋਲੋਜਿਸਟ ਡਾ ਸਿਮਰਨ ਕੌਰ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਸਮੂਹ ਸਨੀਅਰ ਮੈਡੀਕਲ ਅਫਸਰ ਅਤੇ ਵੱਖ-ਵੱਖ ਵਿਭਗਾਂ ਦੇ ਨੁਮਾਇੰਦੇ ਹਾਜਰ ਸਨ।

ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਨੂੰ ਕੌਮ ਦੀਆਂ ਸਿੱਖਿਆ ਸੰਸਥਾਵਾਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਨੂੰ

# ਬੰਦ ਕਰਵਾਉਣ ਲਈ ਪੱਬਾਂ ਭਾਰ : ਕਾਲਕਾ, ਕਾਹਲੋਂ




ਨਵੀਂ ਦਿੱਲੀ, 1 ਮਾਰਚ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਕੌਮ ਦੀਆਂ ਸਿੱਖਿਆ ਸੰਸਥਾਵਾਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਨੂੰ ਬੰਦ ਕਰਵਾਉਣ ਲਈ ਪੱਬਾਂ ਭਾਰ ਹਨ ਤੇ ਇਸੇ ਲਈ ਹਮੇਸ਼ਾ ਇਕ ਦੂਜੇ ਦੇ ਵਿਰੋਧੀ ਰਹੇ ਦੋਵੇਂ ਆਗੂ ਰਲ ਕੇ ਕੌਮ ਦੀਆਂ ਸੰਸਥਾਵਾਂ ਖਿਲਾਫ ਕੂੜ ਪ੍ਰਚਾਰ 'ਤੇ ਲੱਗੇ ਹੋਏ ਹਨ।

ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਕਾਲਕਾ ਤੇ ਸ. ਕਾਹਲੋਂ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਨੇ ਜਿਸ ਮਾਮਲੇ ਵਿਚ ਕੋਰਟ ਆਫ ਕੰਟੈਂਪਟ ਦੇ ਕੇਸ ਵਿਚ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਉਹ ਕੇਸ ਸ. ਸਰਨਾ ਤੇ ਸ. ਜੀ.ਕੇ. ਦੇ ਕਾਰਜਕਾਲ ਦੌਰਾਨ ਸਾਲ 2009, 2011, 2012, 2014, 2016 ਆਦਿ ਸਾਲਾਂ ਵਿਚ ਦਾਇਰ ਹੋਏ ਹਨ।ਉਹਨਾਂ ਦੱਸਿਆ ਕਿ ਕਮੇਟੀ ਵੱਲੋਂ ਸ. ਸਰਨਾ ਤੇ ਸ. ਜੀ.ਕੇ. ਨੇ ਅਦਾਲਤ ਵਿਚ ਦੋ ਹਲਫੀਆ ਬਿਆਨ ਦਾਇਰ ਕਰ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ ਲਈ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਏ ਅਦਾ ਕਰਨ ਦੀ ਜ਼ਿੰਮੇਵਾਰੀ ਚੁੱਕੀ ਸੀ ਪਰ ਉਹ ਦੋਵੇਂ ਇਹ ਜ਼ਿੰਮੇਵਾਰੀ ਪੂਰੀ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ। ਉਹਨਾਂ ਕਿਹਾ ਕਿ ਇਸਦੇ ਉਲਟ ਮੌਜੂਦਾ ਕਮੇਟੀ ਨੇ ਪਿਛਲੇ ਦੋ ਸਾਲਾਂ ਵਿਚ ਤਕਰੀਬਨ 84 ਕਰੋੜ ਰੁਪਏ ਦੇ ਬਕਾਏ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ ਦੇ ਅਦਾ ਕੀਤੇ ਹਨ ਤੇ ਇਸਦੇ ਨਾਲ ਹੀ 2019 ਤੋਂ ਹੁਣ ਤੱਕ 144 ਕਰੋੜ ਰੁਪਏ ਤੋਂ ਜ਼ਿਆਦਾ ਦੀ ਅਦਾਇਗੀ ਸਟਾਫ ਦੇ ਬਕਾਇਆਂ ਸਬੰਧੀ ਹੋ ਚੁੱਕੀ ਹੈ।

## ਪਿਛਲੇ 4 ਸਾਲਾਂ ਵਿਚ ਅਸੀਂ 144 ਕਰੋੜ ਰੁਪਏ ਦੀ ਅਦਾਇਗੀ ਕੀਤੀ: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ


ਸ. ਕਾਲਕਾ ਤੇ ਸ.ਕਾਹਲੋਂ ਨੇ ਕਿਹਾ ਕਿ ਪਰਮਜੀਤ ਸਿੰਘ ਸਰਨਾ ਦਾਅਵਾ ਕਰਦੇ ਹਨ ਕਿ ਜਦੋਂ ਸੰਗਤਾਂ ਨੇ ਕਮੇਟੀ ਦੀ ਸੇਵਾ ਤੋਂ ਉਹਨਾਂ ਨੂੰ ਸੇਵਾ ਮੁਕਤ ਕੀਤਾ ਸੀ ਤਾਂ ਉਹ 125 ਕਰੋੜ ਰੁਪਏ ਦੀ ਰਾਸ਼ੀ ਖਾਤੇ ਵਿਚ ਛੱਡ ਕੇ ਗਏ ਸਨ ਜਦੋਂ ਕਿ ਦੂਜੇ ਪਾਸੇ ਉਹਨਾਂ ਦੇ ਬਰਾਬਰ ਬੈਠ ਕੇ ਪ੍ਰੈਸ ਕਾਨਫਰੰਸ ਕਰਨ ਵਾਲੇ ਮਨਜੀਤ ਸਿੰਘ ਜੀ.ਕੇ. ਆਖਦੇ ਹਨ ਕਿ ਉਹਨਾਂ ਨੂੰ ਖ਼ਾਤਿਆਂ ਵਿਚ ਸਿਰਫ 90 ਕਰੋੜ ਰੁਪਏ ਤੇ 300 ਕਰੋੜ ਰੁਪਏ ਦੀ ਦੇਣਦਾਰੀ ਮਿਲੀ ਸੀ। ਉਹਨਾਂ ਕਿਹਾ ਕਿ ਦੋਵਾਂ ਦੇ ਬਿਆਨਾਂ ਵਿਚ 35 ਕਰੋੜ ਰੁਪਏ ਦਾ ਫ਼ਰਕ ਹੈ ਜੋ ਸੰਗਤ ਦੇ ਸਾਹਮਣੇ ਹੈ।

ਉਹਨਾਂ ਇਹ ਵੀ ਕਿਹਾ ਕਿ ਉਹ ਸ. ਸਰਨਾ ਨੂੰ ਇਹ ਪੁੱਛਣਾ ਚਾਹੁੰਦੇ ਹਨ ਕਿ ਜਦੋਂ ਉਹਨਾਂ ਸਾਲ 2006 ਤੋਂ 2013 ਤੱਕ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਏ ਦੇ ਪੈਸੇ ਸੰਗਤਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਕੋਲੋਂ ਇਕੱਤਰ ਕੀਤੇ ਸਨ ਤਾਂ ਉਹ ਸਟਾਫ ਲਈ ਜਾਰੀ ਕਿਉਂ ਨਹੀਂ ਕੀਤੇ ? ਉਹਨਾਂ ਕਿਹਾ ਕਿ ਅਜਿਹੇ ਕਿਹੜੇ ਸ. ਸਰਨਾ ਦੇ ਸਲਾਹਕਾਰ ਸਨ ਜਿਹਨਾਂ ਨੇ ਸਲਾਹ ਦਿੱਤੀ ਕਿ ਇਕੱਠੇ ਕੀਤੇ ਪੈਸੇ ਬੈਂਕ ਵਿਚ ਰੱਖ ਕੇ ਵਿਆਜ਼ ਲਿਆ ਜਾਵੇ ਤੇ ਦੇਣ ਵਾਲੇ ਬਕਾਏ 'ਤੇ ਇਕੱਠਾ ਹੋਣ ਵਾਲਾ ਦੁੱਗਣਾ ਵਿਆਜ਼ ਭਰਨਾ ਪਵੇ ? ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਇਹ ਕੇਸ ਸਭ ਤੋਂ ਪਹਿਲਾਂ ਸਾਲ 2006 ਵਿਚ ਮਾਣਯੋਗ ਜੱਜ ਸ੍ਰੀਮਤੀ ਸ਼ਿਖਾ ਸ਼ਰਮਾ ਦੀ ਕੋਰਟ ਵਿਚ ਹੋਇਆ। ਇਸ ਮਗਰੋਂ ਸਾਲ 2009, 2011, 2012, 2018 ਆਦਿ ਤੱਕ ਕੰਟੈਂਪਟ ਆਫ ਕੋਰਟ ਦਾ ਕੇਸ ਪਿਆ।ਉਹਨਾਂ ਕਿਹਾਕਿ 2022 ਵਿਚ ਸਾਡੀ ਕਮੇਟੀ ਬਣੀ, ਉਸ ਤੋਂ ਪਹਿਲਾਂ ਦੇ ਕੇਸ ਹਨ ਜੋ ਛੇਵੇਂ ਤੇ ਸਤਵੇਂ ਤਨਖਾਹ ਕਮਿਸ਼ਨ ਨੂੰ ਲੈ ਕੇ ਕੇਸ ਪਏ ਤੇ ਸਾਨੂੰ ਭੁਗਤਣੇ ਪੈ ਰਹੇ ਹਨ। ਉਹਨਾਂ ਕਿਹਾ ਕਿ ਦਿੱਲੀ ਕਮੇਟੀ ਵੱਲੋਂ ਹੁਣ ਤੱਕ ਦੋ ਹਲਫਨਾਮੇ ਇਸ ਮਾਮਲੇ ਵਿਚ ਦਾਇਰ ਕੀਤੇ ਗਏ ਹਨ ਜਿਹਨਾਂ ਵਿਚੋਂ ਪਹਿਲਾ 2012 ਜੋ ਪਰਮਜੀਤ ਸਿੰਘ ਸਰਨਾ ਨੇ ਛੇਵੇਂ ਤਨਖਾਹ ਕਮਿਸ਼ਨ ਤੇ ਦੂਜਾ ਮਨਜੀਤ ਸਿੰਘ ਜੀ.ਕੇ. ਨੇ 2015 ਵਿਚ ਦਾਇਰ ਕੀਤਾ। ਉਹਨਾਂ ਦੱਸਿਆ ਕਿ ਮਿਤੀ 4.ਜਨਵਰੀ 12 ਨੂੰ ਪਰਮਜੀਤ ਸਿੰਘ ਸਰਨਾ ਨੇ ਡਾਇਰੈਕਟਰ ਸਿੱਖਿਆ ਅਤੇ 13 ਦਸੰਬਰ 11 ਨੂੰ ਤਤਕਾਲੀ ਸਿੱਖਿਆ ਮੰਤਰੀ ਅਰਵਿੰਦਰ ਸਿੰਘ ਲਵਲੀ ਨੂੰ ਚਿੱਠੀ ਲਿਖ ਕੇ ਭਰੋਸਾ ਦੁਆਇਆ ਸੀ ਕਿ ਅਸੀਂ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਏ ਦਿਆਂਗੇ।ਉਹਨਾਂ ਕਿਹਾ ਕਿ ਇਹ ਵੀ ਇਕ ਅਸਲੀਅਤ ਹੈ ਕਿ ਹੁਣ ਤੱਕ ਸ. ਜੀ.ਕੇ. ਖੁਦ ਸ. ਸਰਨਾ ਦੇ ਖਿਲਾਫ ਦੂਸ਼ਣਬਾਜ਼ੀ ਕਰਦੇ ਰਹੇ ਹਨ ਤੇ ਦੋਸ਼ ਲਗਾਉਂਦੇ ਰਹੇ ਹਨ ਕਿ ਉਹਨਾਂ ਨੇ 300 ਕਰੋੜ ਰੁਪਏ ਵਿਚ ਬਾਲਾ ਸਾਹਿਬ ਹਸਪਤਾਲ ਵੇਚਿਆ। ਉਹਨਾਂ ਕਿਹਾ ਕਿ ਹੁਣ ਇਹਨਾਂ ਦੋਹਾਂ ਦੇ ਵਤੀਰੇ ਤੋਂ ਝਲਕਦਾ ਹੈ ਕਿਇਹ ਦੋਵੇਂ ਸਿਆਸੀ ਲਾਹਾ ਲੈਣ ਵਾਲੇ ਕੌਮ ਦੀਆਂ ਵਿਦਿਅਕ ਸੰਸਥਾਵਾਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਨੂੰ ਬੰਦ ਕਰਵਾਉਣ ਲਈ ਪੱਬਾਂ ਭਾਰ ਹਨ। ਉਹਨਾਂ ਕਿਹਾ ਕਿ ਅਸੀਂ ਦੋ ਸਾਲਾਂ ਤੋਂ ਸੇਵਾ ਸੰਭਾਲੀ ਹੈ ਤੇ ਇਸ ਤੋਂ ਪਹਿਲਾਂ ਮਨਜਿੰਦਰ ਸਿੰਘ ਸਿਰਸਾ ਦੇ ਪ੍ਰਧਾਨ ਹੋਣ ਸਮੇਂ 2019 ਤੋਂ ਲੈ ਕੇ ਹੁਣ ਤੱਕ 144 ਕਰੋੜ ਰੁਪਏ ਪਿਛਲੇ 4 ਸਾਲਾਂ ਵਿਚ ਬਕਾਏ ਅਦਾ ਕਰ ਚੁੱਕੇ ਹਾਂ।ਉਹਨਾਂ ਕਿਹਾ ਕਿ ਸਾਡੀ ਜਨਵਰੀ 2024 ਤੱਕ ਦੀ ਸਾਰੇ ਸਟਾਫ ਦੀ ਤਨਖਾਹ ਜਾਰੀ ਹੋ ਚੁੱਕੀ ਹੈ ਜਦੋਂ ਕਿ ਸ. ਸਰਨਾ ਦੇ ਸਮੇਂ ਵਿਚ 7-7 ਮਹੀਨੇ ਤੇ ਸ. ਜੀ.ਕੇ. ਦੇ ਸਮੇਂ ਵਿਚ 5-5 ਮਹੀਨੇ ਦੀ ਤਨਖਾਹ ਬਕਾਇਆ ਰਹਿੰਦੀ ਹੁੰਦੀ ਸੀ। ਉਹਨਾਂ ਦੱਸਿਆ ਕਿ ਸ. ਸਰਨਾ ਨੇ ਸਕੂਲਾਂ ਵਿਚ ਬੇਲੋੜੀਂਦਾ ਸਟਾਫ ਭਰਤੀ ਕੀਤਾ ਤੇ ਉਹਨਾਂ ਦੇ ਪ੍ਰਧਾਨਗੀ ਤੋਂ ਰੁਖ਼ਸਤ ਹੋਣ ਸਮੇਂ 572 ਬੰਦਿਆਂ ਦਾ ਸਟਾਫ ਫਾਲਤੂ ਸੀ ਜਿਸ ਵਿਚੋਂ ਹੁਣ ਤੱਕ 250 ਤੋਂ 275 ਸਟਾਫ ਮੈਂਬਰ ਸੇਵਾ ਮੁਕਤ ਹੋ ਚੁੱਕੇ ਹਨ। ਉਹਨਾਂ ਇਹ ਵੀ ਦੱਸਿਆ ਕਿ ਸ. ਸਰਨਾ ਤੇ ਸ. ਜੀ.ਕੇ. ਦੇ ਸਮੇਂ ਦੌਰਾਨ ਸੇਵਾ ਮੁਕਤ ਹੋਏ ਸਟਾਫ ਮੈਂਬਰਾਂ ਦੇ ਬਕਾਏ ਵੀ ਅਸੀਂ ਅਦਾ ਕਰ ਰਹੇ ਹਾਂ। ਦੋਵਾਂ ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਕੌਮੀ ਵਿਦਿਅਕ ਅਦਾਰਿਆਂ ਨੂੰ ਫੇਲ੍ਹ ਕਰਨ ਦੀ ਸਾਜ਼ਿਸ਼ ਤਹਿਤ ਹੀ ਸ. ਸਰਨਾ ਤੇ ਸ. ਜੀ.ਕੇ. ਇਹਨਾਂ ਦਾਖਲਿਆਂ ਦੇ ਸੀਜ਼ਨ ਵਿਚ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ ਤਾਂ ਜੋ ਸਕੂਲਾਂ ਵਿਚ ਦਾਖਲੇ ਘੱਟ ਸਕਣ।

# ਪੱਲਸ ਪੋਲੀਓ ਰਾਓਂਡ ਸੰਬਧੀ ਚੇਤਨਾ ਰੈਲੀ ਕੱਢੀ ਗਈ

**ਚੌਕ ਮਹਿਤਾ, 1 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਸਿੱਧੂ ਵਲੋਂ ਜਿਲਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਿਸ਼ਵ ਸਿਹਤ ਸੰਗਠਨ ਵਲੋਂ ਮਿਤੀ 3.4 ਅਤੇ 5 ਮਾਰਚ 2024 ਨੂੰ ਕੀਤੇ ਜਾਣ ਵਾਲੇ ਪੱਲਸ ਪੋਲੀਓ ਰਾਓਂਡ ਦੀ ਕਾਮਯਾਬੀ ਲਈ ਅੱਜ ਦਫਤਰ ਸਿਵਲ ਸਰਜਨ ਤਰਨਤਾਰਨ ਵਿਖੇ ਤੋਂ ਇਕ ਚੇਤਨਾ ਰੈਲੀ ਨੂੰ ਰਹੀ ਝੰਡੀ ਦੇ ਰਵਾਨਾਂ ਕੀਤਾ ਗਿਆ।ਇਸ ਰੈਲੀ ਵਿਚ ਸਮੂਹ ਪ੍ਰੋਗਰਾਮ ਅਫਸਰਾਂ, ਜਿਲ੍ਹਾ ਅੀਧਕਾਰੀਆਂ ਅਤੇ ਸਮੂਹ ਸਟਾਫ ਨੇ ਸ਼ਮੂਲਿਅਤ ਕੀਤੀ। ਇਸ ਰੈਲੀ ਦੇ ਨਾਲ ਆਟੋ ਰਿਕਸ਼ਿਆਂ ਦੁਆਰਾ ਲੋਕਾਂ ਨੂੰ ਇਸ ਮੁਹਿੰਮ ਦੌਰਾਣ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਗਈ। ਇਸ ਦੌਰਾਨ ਸੰਬੋਧਨ ਕਰਦਿਆ ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਵਲੋਂ ਕਿਹਾ ਕਿ ਬੇਸ਼ਕ ਭਾਰਤ ਪੋਲਿਓ ਮੁਕਤ ਦੇਸ਼ਾ ਦੀ ਗਿਣਤੀ ਵਿਚ ਆ ਚੁੱਕਾ ਹੈ, ਪਰ ਫਿਰ ਵੀ ਇਸ ਮੁਕਾਮ ਨੂੰ ਬਰਕਰਾਰ ਰੱਖਣ ਲਈ ਵਿਸ਼ਵ ਸਿਹਤ ਸੰਗਠਨ ਵਲੋ ਇਹ ਰਾਊਡ ਚਲਾਏ ਜਾ ਰਹੇ ਹਨ।ਉਨਾ ਨੇ ਕਿਹਾ ਪੋਲੀਓ ਵਰਗੀ ਲਾ-ਇਲਾਜ ਬਿਮਾਰੀ ਨਾਲ ਨਜਿਠਣ ਲਈ ਸਿਹਤ ਵਿਭਾਗ ਨੂੰ ਸਮੂਹ ਜਨਤਾ ਦੇ ਸਹਿਯੋਗ ਦੀ ਉਨੀ ਹੀ ਲੋੜ ਹੈ।ਇਸ ਆਓਣ ਵਾਲੇ ਰਾਊਡ ਲਈ ਸਿਹਤ ਵਿਭਾਗ ਵਲੋ ਮੁਕੰਮਲ ਤੋਰ ਤੇ ਤਿਆਰੀ ਕਰ ਲਈ ਗਈ ਹੈ। ਉਨਾਂ ਆਏ ਹੋਏ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਮੈਡੀਕਲ ਅਫਸਰਾ ਨੂੰ ਹਦਾਇਤ ਕੀਤੀ ਕਿ ਇਸ ਰਾਊਡ ਵਿਚ ਨਵ-ਜਨਮੇ ਬੱਚੇ ਤੋ ਲੈਕੇ 5 ਸਾਲ ਤੱਕ ਦਾ ਕੋਈ ਵੀ ਬੱਚਾ ਜੀਵਨ ਰੂਪੀ ਪੌਲੀਓ ਦੀਆ 2 ਬੂੰਦਾਂ ਤੋ ਵਾਂਝਾ ਨਹੀ ਰਹਿਣਾ ਚਾਹੀਦਾ।ਜਿਲਾ ਟੀਕਾਕਰਨ ਅਫਸਰ ਡਾ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਇਸ ਆਓਣ ਵਾਲੇ ਰਾਊਡ ਲਈ ਸਿਹਤ ਵਿਭਾਗ ਵਲੋ ਮੁਕੰਮਲ ਤੋਰ ਤੇ ਤਿਆਰੀ ਕਰ ਲਈ ਗਈ ਹੈ। ਇਸ ਰਾਊਡ ਤਹਿਤ 0 ਤੋ 5 ਸਾਲ ਦੇ 145747 ਬੱਚਿਆ ਨੂੰ 2498 ਟੀਮਾਂ ਵਲੋ ਪੋਲੀਓ ਦੀਆਂ 2 ਬੂੰਦਾਂ ਪਿਲਾਈਆ ਜਾਣਗੀਆ ਅਤੇ 117 ਸੁਪਰਵਾਈਜਰਾ ਵਲੋ ਇਨਾਂ ਦਾ ਨਿਰੀਖਣ ਕੀਤਾ ਜਾਵੇਗਾ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਦੇਵੀ ਬਾਲਾ, ਜਿਲਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ, ਜਿਲਾ ਸਿਹਤ ਅਫਸਰ ਡਾ ਸੁਖਬੀਰ ਕੌਰ, ਡਬਯੂ ਐਚ.ਓ. ਵਲੋਂ ਡਾ ਇਸ਼ਿਤਾ, ਜਿਲਾ ਐਪੀਡਿਮੋਲੋਜਿਸਟ ਡਾ ਸਿਮਰਨ ਕੌਰ, ਡਾ ਸੁਖਜਿੰਦਰ ਸਿੰਘ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।






# ਆਪਣੇ ਬਣੇ ਦੁਸ਼ਮਣ ਅਤੇ ਬੇਗਾਨੇ 'ਸੱਤਰ ਕਾ ਮੱਤਹੀਨ' ਕਹਿ ਕੇ ਸਮਝਾਉਂਦੇ ਹਨ ਕਿ ਹੁਣ ਤਾ 71 ਦਾ ਹੋ ਗਿਆ... ਹੁਣ ਸੇਵਾ ਦਾ ਖੈੜਾ ਛੱਡ ਕੇ ਪਿੰਡ ਤੁਰ ਜਾ..



Kanwar Singh Dhami

ਅੱਜ ਤੋਂ 44 ਸਾਲ ਪਹਿਲਾਂ, 1 ਮਾਰਚ 1980 ਦਾ ਦਿਨ ਯਾਦ ਆਉਂਦਾ ਹੈ... ਦਮਦਮੀ ਟਕਸਾਲ ਵਲੋਂ ਪਿੰਡ ਵਿਚ ਸ਼੍ਰੀ ਅਖੰਡ ਪਾਠ ਦੇ ਭੋਗ ਪਾ ਕੇ ਜਥੇਦਾਰ ਰਾਮ ਸਿੰਘ ਚਵੰਦਾ ( ਸੁਲਤਨਪੁਰੀ ) ਨੇ ਮੇਰੇ ਨਵੇਂ ਜਨਮ ਦੀ ਅਰਦਾਸ ਕੀਤੀ ਸੀ ਅਤੇ ਭਾਈ ਜੀਵਨ ਸਿੰਘ ਦੇ ਪ੍ਰੇਰਨਾ ਸਦਕਾ ਅਖੰਡ ਕੀਰਤਨੀ ਜਥੇ ਨੇ "ਰੈਣਸੁਵਾਈ" ਕੀਰਤਨ ਕਰਕੇ ਮੈਨੂੰ ਖੰਡੇ ਦੀ ਪਹੁਲ ਛਕਾਈ ਸੀ... ਉਸ ਦਿਨ ਤੋਂ ਬਾਅਦ ਮੈਂ ਆਪਣੇ ਪਿੰਡ ਦੀ ਜਮੀਨ ਤੇ ਹੁਣ ਤੱਕ ਪੈਰ ਨਹੀਂ ਪਾਇਆ।...

ਅੱਜ 1 ਮਾਰਚ 1991 ਦਾ ਦਿਨ ਵੀ ਯਾਦ ਆਉਂਦਾ

ਆਵਾਜ਼ਿ ਕੌਮ
AWAZE QAUM
International Newspaper & WEB TV

ਹੈ ਜਦੋ 7 ਸਾਲ ਬਾਅਦ ਗੁਆਂਢੀ ਮੁਲਕ ਤੋਂ " ਮੈਦਾਨ-ਏ-ਜੰਗ " ਪਹੁੰਚਿਆ ਸੀ, ਉਸ ਵਕਤ ਪਿੱਛੋਂ ਵੀ ਗੋਲੀ ਦਾ ਖਤਰਾ ਸੀ ਅਤੇ ਅਗੇ ਤਾ ਅੱਗ ਵਰਧੀ ਸੀ, ..

1 ਅਪ੍ਰੈਲ 1999 ਨੂੰ ਪਿਤਾ ਦਿਲਦਾਰ ਸਿੰਘ ਦੀ ਵਸੀਹਤ ਅਤੇ ਨਸੀਹਤ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਮੀਤ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਆਪਣੇ ਜੇਠੇ ਪੁੱਤਰ ਅਦਰਸ਼ ਕੰਵਰ ਸਿੰਘ ਨਾਲ ਮਿਲ ਕੇ ਗੁਰ ਆਸਰਾ ਟਰੱਸਟ, ਪਲਸੌਰਾ ਚੰਡੀਗੜ੍ਹ ਦੀ ਬ੍ਰਾਂਚ ਖੋਲੀ ਸੀ... 1 ਅਪ੍ਰੈਲ 2024 ਨੂੰ 25 ਸਾਲ ਪੂਰੇ ਹੋ ਜਾਣੇ ਹਨ ...

ਬੁੱਚੜ ਕੇ.ਪੀ.ਐਸ. ਗਿੱਲ ਅਤੇ ਉਸ ਦੀ ਟੋਲੀ ਨਾਲ ਮੇਰੀ ਲੜਾਈ ਵਿਚ ਮੇਰੇ 28 ਸਾਲ ਦੇ ਪੁੱਤਰ ਨੇ ਬਹੁਤ ਤਸ਼ੱਦਦ ਝੱਲਿਆ। .. ਜਾਲਮ ਅਫਸਰ ਚਹਿਲ ਅਤੇ ਉਸ ਦੀ ਜੁੰਡਲੀ ਨੇ ਉਸ ਨੂੰ ਤਿੱਲ-ਤਿੱਲ ਕਰਕੇ ਉਸ ਨੂੰ ਮਰਨ ਲਈ ਛੱਡ ਦਿਤਾ,... 01 ਅਪ੍ਰੈਲ 2004 ਨੂੰ ਉਸ ਨੇ ਆਪਣੇ ਪ੍ਰਾਣ ਤਿਆਗ ਦਿੱਤੇ ਇਸ ਤੋਂ ਬਾਅਦ ਪੁਲਿਸ ਵਾਲਿਆਂ ਨੇ ਮੈਨੂੰ ਸੁਨੇਹਾ ਭੇਜਿਆ ਸੀ "ਇਸ ਨੂੰ ਕਹਿੰਦੇ ਹਨ.. April fools"...

ਅੱਜ ਮੈਂ ਆਪਣੇ ਜਨਮ ਦਿਨ ਤੇ ਇਹ ਪ੍ਰਣ ਕਰ ਕੇ ਮਨਾ ਰਿਹਾ ਹੈ ਕਿ ਇਕ ਮਹੀਨੇ ਬਾਅਦ ਆਪਣੇ ਪੁੱਤਰ ਦੀ ਬਰਸੀ ਤੇ ਉਸ ਦੀ ਖੁਆਇਸ਼ ਮੁਤਾਬਕ ਇਕ ਨਵਾਂ ਚੈਰੀਟੇਬਲ ਟਰੱਸਟ ਬਣਾਵਾਂਗਾ ... ਸੇਵਾ ਚਲਦੀ ਰਹੇਗੀ .....

